ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 1| Jan.-Mar. 2026

ISSN: 2583-9446 (O)
Paper Published Id: ARMN040116
Available online at: www.armaan.org.in
DOI: https://doi.org/10.64119/armaan.vol4.issue1.16

# ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ : ਇਤਿਹਾਸਕਾਰੀ ਦੇ ਨੁਕਤਾ-ਨਿਗਾਹ ਤੋਂ

# Punjabi Sahit Di Utpatti Te Vikas: Itihaskaari De Nukta-Nigah To'n

**ਡਾ. ਕੰਵਲਜੀਤ ਸਿੰਘ (Dr. Kawaljit Singh)**
ਸਹਾਇਕ ਪ੍ਰੋਫ਼ੈਸਰ (Assistant Professor)
ਸ੍ਰੀ ਗੁਰੂ ਅਰਜੁਨ ਦੇਵ ਸਰਕਾਰੀ ਕਾਲਜ, ਤਰਨਤਾਰਨ (ਪੰਜਾਬ)
Email ID: skawaljit923@gmail.com ਮੋਬਾਈਲ: +91-88721-91893

**ਸਾਰ (Abstract)**

*ਹਥਲੇ ਖੋਜ-ਪੱਤਰ ਦਾ ਮੁੱਖ ਮਨੋਰਥ ਪੰਜਾਬੀ ਸਾਹਿਤ ਇਤਿਹਾਸਕਾਰੀ ਦੀ ਮਹੱਤਵਪੂਰਨ ਕ੍ਰਿਤ 'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ' ਦਾ ਆਲੋਚਨਾਤਮਕ ਅਧਿਐਨ ਕਰਨਾ ਹੈ। ਕਿਰਪਾਲ ਸਿੰਘ ਕਸੇਲ, ਪ੍ਰਮਿੰਦਰ ਸਿੰਘ ਅਤੇ ਗੋਬਿੰਦ ਸਿੰਘ ਲਾਂਬਾ ਦੁਆਰਾ ਸਾਂਝੇ ਰੂਪ ਵਿੱਚ ਰਚਿਤ ਹੋਣ ਦੇ ਬਾਵਜੂਦ, ਇਹ ਪੁਸਤਕ ਵਿਚਾਰਕ ਖਿੰਡਾਅ ਦੀ ਬਜਾਏ ਇੱਕ ਪ੍ਰੌੜ੍ਹ ਦ੍ਰਿਸ਼ਟੀਗਤ ਇਕਸਾਰਤਾ ਪੇਸ਼ ਕਰਦੀ ਹੈ। ਪਹਿਲਾਂ ਹੋਏ ਖੋਜ ਕਾਰਜਾਂ ਨੂੰ ਆਧਾਰ ਬਣਾਉਂਦਿਆਂ, ਇਹ ਅਧਿਐਨ ਇਸ ਇਤਿਹਾਸਕ ਕ੍ਰਿਤ ਦੀ ਮੌਜੂਦਾ ਦੌਰ ਵਿੱਚ ਸਾਰਥਿਕਤਾ ਅਤੇ ਇਸ ਦੀ ਵਿਲੱਖਣਤਾ ਨੂੰ ਉਜਾਗਰ ਕਰਦਾ ਹੈ। ਇਹ ਖੋਜ-ਪੱਤਰ ਪੰਜਾਬੀ ਸਾਹਿਤ ਇਤਿਹਾਸਕਾਰੀ ਦੀ ਸਮੁੱਚੀ ਰਵਾਇਤ ਅਤੇ ਸਿਧਾਂਤਕ ਪਰਿਪੇਖ ਨੂੰ ਧਿਆਨ ਵਿੱਚ ਰੱਖਦਿਆਂ, ਇਸ ਕ੍ਰਿਤ ਦੇ ਪ੍ਰਭਾਵੀ ਯੋਗਦਾਨ ਅਤੇ ਇਸ ਦੀ ਨਿਵੇਕਲੀ ਪਛਾਣ ਨੂੰ ਮੁੜ-ਪਰਿਭਾਸ਼ਿਤ ਕਰਨ ਦਾ ਯਤਨ ਹੈ।*

*ਕੀਵਰਡ (Keyword): ਸਾਹਿਤ ਸਿੱਧਾਂਤ, ਇਤਿਹਾਸ, ਪੰਜਾਬੀ ਸਾਹਿਤ ਦੀ ਉਤਪੱਤੀ, ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦੀ ਪਰੰਪਰਾ।*

ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ ਸਾਹਿਤ ਇਤਿਹਾਸ ਪੁਸਤਕ ਡਾ ਪ੍ਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ ਅਤੇ ਡਾ. ਗੋਬਿੰਦ ਸਿੰਘ ਲਾਂਬਾ ਦੁਆਰਾ ਲਿਖੀ ਗਈ ਹੈ। ਇਹ ਇਤਿਹਾਸ ਪੁਸਤਕ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਨਾਲ ਸੰਬੰਧਿਤ ਇੱਕ ਮਹੱਤਵਪੂਰਨ ਤੇ ਮੁੱਲਵਾਨ ਕ੍ਰਿਤੀ ਹੈ। ਇਸ ਦੀ ਮਹੱਤਤਾ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਇਸ ਦੇ 2017 ਤੱਕ ਸਤਾਰਾਂ ਦੇ ਕਰੀਬ ਸੰਸਕਰਣ ਛਪ ਚੁੱਕੇ ਹਨ ਅਤੇ ਸਮੇਂ-ਸਮੇਂ ਇਸ ਵਿੱਚ ਨਵੀਨ ਸਾਮਗ੍ਰੀ ਵੀ ਸ਼ਾਮਿਲ ਕੀਤੀ ਜਾਂਦੀ ਰਹੀ ਹੈ । ਇਸ ਦਾ ਪਹਿਲਾ ਸੰਸਕਰਣ 1952 ਵਿੱਚ ਛਪਿਆ ਸੀ ਅਤੇ ਉਸ ਵੇਲੇ ਇਸ ਦੇ ਲੇਖਕ ਕੇਵਲ ਕਿਰਪਾਲ ਸਿੰਘ ਕਸੇਲ ਅਤੇ ਪ੍ਰਮਿੰਦਰ ਸਿੰਘ ਹੀ ਸਨ ਜਦਕਿ ਗੋਬਿੰਦ ਸਿੰਘ ਲਾਂਬਾ ਬਾਅਦ ਵਿੱਚ ਇਸ ਇਤਿਹਾਸਕ ਕ੍ਰਿਤੀ ਦਾ ਹਿੱਸਾ ਬਣੇ। *ਬੇਸ਼ੱਕ ਹੁਣ ਇਸ ਸਾਹਿਤਕ ਇਤਿਹਾਸ ਦੇ ਤਿੰਨ ਲੇਖਕ ਹਨ ਪਰੰਤੂ ਇਸ ਵਿਚਲਾ ਜ਼ਿਆਦਾਤਰ ਯੋਗਦਾਨ ਇਕੱਲੇ ਕਿਰਪਾਲ ਸਿੰਘ ਕਸੇਲ ਹੋਰਾਂ ਦਾ ਹੀ ਹੈ। ਇਸ ਗੱਲ ਦੀ ਹਾਮੀ ਉਹ ਖ਼ੁਦ ਵੀ ਭਰਦਾ ਹੈ*[1] *ਅਤੇ ਸਤਿੰਦਰ ਸਿੰਘ ਨੂਰ ਵੀ ਇਸ ਗੱਲ ਦੀ ਤਸਦੀਕ ਕਰਦਾ ਹੈ"* [2]। ਵੱਖੋ-ਵੱਖ ਵਿਦਵਾਨਾਂ ਇਸ ਸਾਹਿਤ ਇਤਿਹਾਸ ਸੰਬੰਧੀ ਆਪੋ-ਆਪਣੀ ਰਾਵਾਂ ਪ੍ਰਸਤੁਤ ਕੀਤੀਆਂ ਹਨ। ਡਾ. ਜਗਬੀਰ ਸਿੰਘ ਇਸ ਸਾਹਿਤ ਇਤਿਹਾਸ ਨੂੰ ਅਜਿਹਾ ਮੀਲ ਪੱਥਰ ਸਵੀਕਾਰ ਕਰਦਾ ਹੈ,*"ਜਿਸ ਨੇ ਸਾਹਿਤ ਦੀ ਇਤਿਹਾਸਕਾਰੀ ਨੂੰ ਮਹੱਤਵਪੂਰਨ ਸਿੱਧਾਂਤਕ ਅਤੇ ਵਿਵਹਾਰਕ ਪ੍ਰਤਿਮਾਨ ਦਿੱਤੇ"* [3] ਅਤੇ ਡਾ. ਰਵਿੰਦਰ ਸਿੰਘ ਰਵੀ ਨੇ ਵੀ ਕੁਝ ਇੰਜ ਦਾ ਹੀ ਵਿਚਾਰ ਪ੍ਰਸਤੁਤ ਕਰਦੇ ਹੋਏ, ਇਸ ਰਚਨਾ ਦੀ ਇਤਿਹਾਸਕ ਮਹੱਤਤਾ ਨੂੰ ਤਸਲੀਮ ਕੀਤਾ ਹੈ। ਉਸ ਆਪਣੇ ਇੱਕ ਮਜ਼ਮੂਨ 'ਪੰਜਾਬੀ ਸਾਹਿਤ ਦੀ ਇਤਿਹਾਸਕਾਰੀ : ਸਥਿਤੀ ਅਤੇ ਸਮੱਸਿਆਵਾਂ' ਵਿੱਚ ਇਸ ਇਤਿਹਾਸ ਦੀ *"ਮੌਲਿਕਤਾ ਇਤਿਹਾਸ ਪ੍ਰਤਿਬੱਧਤਾ, ਸਾਹਿਤ ਪਦਾਰਥਵਾਦੀ ਇਤਿਹਾਸਕ ਦ੍ਰਿਸ਼ਟੀ ਵਿੱਚ"*[4] ਨਿਹਿਤ ਮੰਨੀ ਹੈ। ਹਾਲਾਂਕਿ ਡਾ. ਹਰਿਭਜਨ ਸਿੰਘ ਭਾਟੀਆ ਨੇ ਪੰਜਾਬੀ ਸਾਹਿਤ ਆਲੋਚਨਾ ਦਾ ਇਤਿਹਾਸ ਵਿੱਚ *ਡਾ. ਰਵੀ ਦੀ ਉਕਤ ਧਾਰਣਾ ਨੂੰ ਇਸ ਇਤਿਹਾਸ ਦੀ ਸਮੁੱਚਤਾ ਵਿੱਚ ਵਿਚਾਰੇ ਜਾਣ ਦੀ ਮੰਗ ਕੀਤੀ ਹੈ*[5] ਅਤੇ ਇਕ ਥਾਂ ਉੱਤੇ ਇਸ ਇਤਿਹਾਸ ਦੀ ਇਤਿਹਾਸਕ ਮਹੱਤਤਾ ਨੂੰ ਸਵੀਕਾਰਨ ਦੇ ਨਾਲ-ਨਾਲ ਇਸ ਨੂੰ *"ਇਕਸਾਰਤਾ-ਵਿਹੂਣਾ ਅਤੇ ਕਈ ਥਾਂ ਮਕਾਨਕੀ ਭਾਂਤ"* [6] ਦਾ ਵੀ ਦੱਸਿਆ ਹੈ। ਡਾ. ਤਰਲੋਕ ਸਿੰਘ ਕੰਵਰ ਨੇ ਵੀ ਇਸ ਸੰਬੰਧੀ ਆਪਣੇ ਵਿਚਾਰ ਰੱਖੇ ਹਨ ਅਤੇ ਉਸ ਇਸ ਨੂੰ *"ਸਮਾਜ ਦੇ ਪ੍ਰਸੰਗ ਵਿੱਚ ਸਾਹਿਤ ਨੂੰ ਘਟਾ ਕੇ ਪੜ੍ਹਨ ਵਾਲਾ ਇਤਿਹਾਸ"* [7] ਕਿਹਾ ਹੈ। ਅਸੀਂ ਇਹਨਾਂ ਨੁਕਤਿਆਂ ਨੂੰ ਧਿਆਨ ਵਿਚ ਰੱਖਦੇ ਹੋਏ ਹੱਥਲੇ ਮਜ਼ਮੂਨ ਵਿਚ ਇਹਨਾਂ ਨੂੰ ਵਿਚਾਰਨ ਦਾ ਯਤਨ ਵੀ ਕਰਾਂਗੇ ਅਤੇ ਇਸ ਇਤਿਹਾਸ ਦੇ ਹੋਰ ਪਹਿਲੂਆਂ ਨੂੰ ਸਾਹਮਣੇ ਲਿਆਉਣ ਦੀ ਚੇਸ਼ਟਾ ਵੀ ਕਰਾਂਗੇ ਪਰੰਤੂ ਉਸ ਤੋਂ ਪਹਿਲਾਂ ਸਾਹਿਤ ਇਤਿਹਾਸਕਾਰੀ ਦੀ ਵਿਧਾ ਸੰਬੰਧੀ ਸੰਖੇਪ ਜਾਣਕਾਰੀ ਹਾਸਲ ਕਰ ਲੈਣੀ ਜ਼ਰੂਰੀ ਹੈ।

ਸਾਹਿਤ ਇਤਿਹਾਸ ਸਿਰਫ਼ ਰਚਨਾਵਾਂ ਦੀ ਵਿਵਸਥਾਤਮਕ ਜਾਂ ਕਾਲਕ੍ਰਮਿਕ ਰੂਪ ਵਿੱਚ ਜਾਣਕਾਰੀ ਦੇਣ ਦਾ ਨਾਂ ਨਹੀਂ ਹੁੰਦਾ ਸਗੋਂ ਇਸ ਦੇ ਕੁਝ ਬੁਨਿਆਦੀ ਨੇਮ ਹੁੰਦੇ ਹਨ, ਜੋ ਇਸ ਨੂੰ ਇਕ ਵੱਖਰੀ ਵਿਧਾ ਜਾਂ ਅਨੁਸ਼ਾਸਨ ਦਾ ਦਰਜਾ ਦਿੰਦੇ ਹਨ। ਇਸ ਅਨੁਸ਼ਾਸਨ ਵਿੱਚ ਕਿਸੇ ਖ਼ਾਸ ਸਮਾਜ-ਸੰਸਕ੍ਰਿਤੀ ਵਿੱਚ ਉਪਜੇ ਸਾਹਿਤ ਨੂੰ ਕਾਲਕ੍ਰਮ ਤੇ ਨਿਰੰਤਰਤਾ ਵਿਚ ਰੱਖ ਕੇ, ਉਸ ਸਮਾਜ-ਸਭਿਆਚਾਰ ਤੇ ਇਤਿਹਾਸ ਦੇ ਨਿਸ਼ਚਿਤ ਪ੍ਰਸੰਗ ਵਿੱਚ ਪ੍ਰਗਤੀਵਾਦੀ ਅਤੇ ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਵਿਚਾਰਿਆ ਜਾਂਦਾ ਹੈ। ਇਸ ਦ੍ਰਿਸ਼ਟੀਕੋਣ ਤੋਂ ਹਰ ਉਸ ਪੱਖ ਨੂੰ ਦੁਰਕਾਰਿਆ ਜਾਂਦਾ ਹੈ, ਜੋ ਮਾਨਵ-ਵਿਰੋਧੀ ਤੇ ਸੰਕੀਰਣ ਦ੍ਰਿਸ਼ਟੀਕੋਣ ਦਾ ਲਖਾਇਕ ਹੋਵੇ ਅਤੇ ਹਰ ਉਸ ਪੱਖ ਨੂੰ ਉਭਾਰਿਆ ਜਾਂਦਾ ਹੈ, ਜੋ ਮਾਨਵ-ਹਿਤੈਸ਼ੀ ਤੇ ਅਗਾਂਹਵਧੂ ਹੋਵੇ ਅਤੇ ਨਾਲ

ਹੀ ਡਾ. ਹਜ਼ਾਰੀ ਪ੍ਰਸਾਦ ਦਿਵੇਦੀ ਦੇ ਕਹਿਣ ਮੁਤਾਬਿਕ *"ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਸ਼ੋਸ਼ਣ ਦੀ ਨਿਖੇਧੀ ਵੀ ਕਰਦਾ ਹੋਵੇ"*[8]। ਬੇਸ਼ੱਕ ਸਾਹਿਤ ਇਤਿਹਾਸ ਇਕ ਵਿਸ਼ੇਸ਼ ਗਿਆਨਵਾਦੀ ਸੰਗਠਨ ਹੈ ਅਤੇ ਇਸ ਵਿਚ ਸਾਹਿਤ ਅਧਿਅਨ ਦੇ ਦੂਸਰੇ ਅਨੁਸ਼ਾਸਨ; ਸਾਹਿਤਕ ਸਿੱਧਾਂਤ, ਸਾਹਿਤਕ ਖੋਜ, ਸਾਹਿਤਕ ਆਲੋਚਨਾ, ਵੀ ਸ਼ਾਮਿਲ ਹੁੰਦੇ ਹਨ। ਇਹਨਾਂ ਸਾਰੇ ਅਨੁਸ਼ਾਸਨਾਂ ਦੀ ਲੋਅ ਵਿਚ ਹੀ ਸਾਹਿਤ ਦੇ ਇਤਿਹਾਸ ਨੂੰ ਨੇਪਰੇ ਚਾੜ੍ਹਿਆ ਜਾ ਸਕਦਾ ਹੈ। ਦੂਜੇ ਸ਼ਬਦਾਂ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਇਹਨਾਂ ਸਾਰੇ ਅਨੁਸ਼ਾਸਨਾਂ ਦੀ ਬਰਾਬਰ ਸਮਝ ਤੇ ਦਰੁਸਤ ਵਰਤੋਂ ਸਦਕਾ ਹੀ ਸੰਤੁਲਿਤ ਸਾਹਿਤ ਦੀ ਇਤਿਹਾਕਾਰੀ ਨੂੰ ਅੰਜਾਮ ਦਿੱਤਾ ਜਾ ਸਕਦਾ ਹੈ।

ਇਤਿਹਾਸਕ ਪਰਿਪੇਖ ਵਿੱਚ ਵੇਖੀਏ ਤਾਂ ਕਿਰਪਾਲ ਸਿੰਘ ਕਸੇਲ ਤੇ ਸਹਿਯੋਗੀ ਲੇਖਕਾਂ ਦੁਆਰਾ ਸਾਹਿਤ ਇਤਿਹਾਸਕਾਰੀ ਦੇ ਖੇਤਰ ਵਿੱਚ ਆਉਣ ਤੋਂ ਪਹਿਲਾਂ ਹੀ ਪੰਜਾਬੀ ਵਿੱਚ ਸਾਹਿਤ ਇਤਿਹਾਸ ਲੇਖਨ ਦੀ ਪਰੰਪਰਾ ਦਾ ਆਗਾਜ਼ ਹੋ ਚੁੱਕਾ ਸੀ। ਮੀਰ ਕਿਰਾਮਤੁਲਾ (ਚਸ਼ਮਾ-ਏ-ਹਯਾਤ-1913), ਬਾਵਾ ਬੁੱਧ ਸਿੰਘ (ਹੰਸ ਚੋਗ-1914, ਕੋਇਲ ਕੂ-1916, ਬੰਬੀਹਾ ਬੋਲ-1925), ਮੌਲਾ ਬਖ਼ਸ਼ ਕੁਸ਼ਤਾ (ਪੰਜਾਬ ਦੇ ਹੀਰੇ-1932), ਮੋਹਨ ਸਿੰਘ ਦੀਵਾਨਾ (A History of Punjabi Literature-1933, An Introduction to Punjabi Literature-1951, ਪੰਜਾਬੀ ਅਦਬ ਦੀ ਮੁਖ਼ਤਸਰ ਤਾਰੀਖ਼-1948), ਬਨਾਰਸੀ ਦਾਸ ਜੈਨ (ਪੰਜਾਬੀ ਜ਼ਬਾਨ ਤੇ ਉਹਦਾ ਲਿਟਰੇਚਰ-1941) ਅਤੇ ਗੋਪਾਲ ਸਿੰਘ ਦਰਦੀ (ਪੰਜਾਬੀ ਸਾਹਿਤ ਦਾ ਇਤਿਹਾਸ-1946) ਇਸ ਖੇਤਰ ਵਿੱਚ ਕਿਰਿਆਸ਼ੀਲ ਹੋ ਚੁੱਕੇ ਸਨ। ਕਿਰਪਾਲ ਸਿੰਘ ਕਸੇਲ ਤੇ ਸਹਿਯੋਗੀ ਲੇਖਕਾਂ ਦਾ ਇਤਿਹਾਸ ਵੀ ਇਸੇ ਪਰੰਪਰਾ ਵਿਚੋਂ ਹੋਂਦ ਗ੍ਰਹਿਣ ਕਰਦਾ ਹੈ। ਡਾ. ਮੋਹਨ ਸਿੰਘ ਦੀਵਾਨਾ ਨੂੰ ਪੰਜਾਬੀ ਸਾਹਿਤ ਦਾ ਪਹਿਲਾ ਪ੍ਰਮਾਣਿਕ ਇਤਿਹਾਸਕਾਰ ਮੰਨਿਆ ਜਾਂਦਾ ਹੈ ਕਿਉਂਕਿ ਉਹਦੇ ਕੋਲ ਇਤਿਹਾਸ ਲੇਖਣ ਦੇ ਤੱਥ ਹੀ ਨਹੀਂ ਸਨ ਬਲਕਿ ਇਤਿਹਾਸਕਾਰੀ ਦੇ ਬੁਨਿਆਦੀ ਨੇਮਾਂ ਦੀ ਸਮਝ ਵੀ ਉਸ ਪਾਸ ਮੌਜੂਦ ਸੀ। ਵਿਚਾਰ-ਅਧੀਨ ਇਤਿਹਾਸ ਦੇ ਲੇਖਕ ਵੀ ਸਾਹਿਤ ਇਤਿਹਾਕਾਰੀ ਦੇ ਸੰਜਮ ਤੋਂ ਪੂਰੀ ਤਰ੍ਹਾਂ ਵਾਕਿਫ਼ ਹੋ ਕੇ ਇਸ ਖੇਤਰ ਵਿਚ ਉਤਰਦੇ ਹਨ। ਉਹ ਮੋਹਨ ਸਿੰਘ ਦੀਵਾਨਾ ਤੋਂ ਕਈ ਥਾਈਂ ਮੁਤਾਸਿਰ ਹੁੰਦੇ ਹਨ ਅਤੇ ਕਈ ਥਾਈਂ ਉਸ ਤੋਂ ਅਗਾਂਹ ਸਰਕਦੇ ਵੇਖੇ ਜਾ ਸਕਦੇ ਹਨ। ਇਸੇ ਨੁਕਤੇ ਨੂੰ ਧਿਆਨ ਵਿਚ ਰੱਖਦਿਆਂ *ਡਾ. ਗੁਰਵਿੰਦਰ ਕੌਰ ਆਪਣੇ ਖੋਜ-ਕਾਰਜ ਵਿੱਚ ਇਸ ਇਤਿਹਾਸ ਨੂੰ ਮੋਹਨ ਸਿੰਘ ਦੀਵਾਨਾ ਦੀ ਇਤਿਹਾਸਕਾਰੀ ਤੋਂ ਅਗਲੇਰਾ ਕਦਮ ਦੱਸਦੀ ਹੈ।* [9] ਹਾਲਾਂਕਿ ਕਿਰਪਾਲ ਸਿੰਘ ਕਸੇਲ ਤੇ ਸਹਿਯੋਗੀ ਲੇਖਕਾਂ ਨੇ ਸਾਹਿਤ ਅਤੇ ਇਸ ਦੇ ਸ਼ਾਬਦਿਕ ਅਰਥਾਂ ਨੂੰ ਕਿਤੇ ਸਪੱਸ਼ਟ ਕਰਨ ਦੀ ਖੇਚਲ ਨਹੀਂ ਕੀਤੀ ਅਤੇ ਨਾ ਹੀ ਸਾਹਿਤਕ ਵਿਧਾਵਾਂ ਦੇ (ਖ਼ਾਸ ਕਰਕੇ ਆਧੁਨਿਕ ਸਾਹਿਤ ਦੀਆਂ ਵਿਧਾਵਾਂ) ਰੂਪਗਤ ਪਹਿਲੂਆਂ ਨੂੰ ਖੋਲ੍ਹਣ ਦੀ ਕੋਸ਼ਿਸ਼ ਨਹੀਂ ਕੀਤੀ ਹੈ ਸਗੋਂ ਉਹਨਾਂ ਨੇ ਇਹਨਾਂ ਨੂੰ ਵਿਸ਼ੈਗਤ ਪਹਿਲੂਆਂ ਦੇ ਅੰਤਰਗਤ ਰੱਖ ਕੇ ਵਿਚਾਰਨਾ ਹੀ ਉਚਿਤ ਸਮਝਿਆ ਹੈ। ਆਧੁਨਿਕ ਕਾਲ ਦੇ ਵਿਪਰੀਤ ਮੱਧਕਾਲੀ ਸਾਹਿਤ ਪ੍ਰਤਿ ਉਹਨਾਂ ਦੀ ਪਹੁੰਚ ਇਕਸਾਰਵਾਦੀ ਨਹੀਂ ਆਖੀ ਜਾ ਸਕਦੀ, ਜਿਹਾ ਕਿ ਡਾ. ਭਾਟੀਆ ਨੇ ਉੱਤੇ ਸੰਕੇਤ ਕੀਤਾ ਹੈ, ਕਿਉਂਕਿ ਕੁਝ ਥਾਵਾਂ ਉੱਤੇ ਤਾਂ ਉਹਨਾਂ ਇਤਿਹਾਸਕ ਦ੍ਰਿਸ਼ਟੀਕੋਣ ਦਾ ਪਰੀਚਯ ਦਿੱਤਾ ਹੈ ਪਰੰਤੂ ਕੁਝ ਥਾਈਂ ਇਸ ਤੋਂ ਮੂਲੋਂ ਸੰਕੋਚ ਕਰ ਲਿਆ ਹੈ। ਭਗਤੀ ਕਾਵਿ, ਗੁਰਬਾਣੀ ਤੇ ਭਾਈ ਗੁਰਦਾਸ ਦੀ ਰਚਨਾ ਨੂੰ ਇਥੇ ਮਿਸਾਲਾਂ ਵਜੋਂ ਵੇਖਿਆ ਜਾ ਸਕਦਾ ਹੈ। ਇਤਿਹਾਸਕਾਰ ਨਾਨਕ ਬਾਣੀ ਨੂੰ ਭਗਤ ਕਬੀਰ ਦੀ ਰਚਨਾ ਦੇ ਇਤਿਹਾਸਕ ਪ੍ਰਸੰਗ ਵਿੱਚ ਰੱਖ ਕੇ ਵਿਚਾਰਦੇ ਹਨ ਪਰੰਤੂ ਗੁਰੂ ਗ੍ਰੰਥ ਸਾਹਿਬ ਦੀ ਤਰਤੀਬ ਬਾਰੇ ਗੱਲ ਕਰਨ ਵੇਲੇ ਉਹ ਇਸ ਇਤਿਹਾਸ ਦ੍ਰਿਸ਼ਟੀ ਨੂੰ ਅੱਖੋਂ ਉਹਲੇ ਕਰ ਦਿੰਦੇ ਹਨ। *ਭਗਤ ਬਾਣੀ ਅਤੇ ਖ਼ਾਸ ਕਰਕੇ ਕਬੀਰ ਨੂੰ ਉਹ ਸਮਾਜਿਕ ਅਨਿਆਂ ਦੇ ਖ਼ਿਲਾਫ਼ ਬੀਜ ਬੀਜਣ ਵਾਲਾ ਸਿੱਧ ਕਰਦੇ ਹਨ*[10] ਅਤੇ ਅੱਗੇ ਜਾ ਕੇ ਗੁਰਬਾਣੀ ਵਿਚ ਇਸ ਨੂੰ ਵਧਿਆ-ਫੁਲਿਆ ਤਸੱਵੁਰ ਕਰਦੇ ਹਨ ਪਰ ਧਿਆਨ ਰਹੇ ਕਿ ਗੁਰਬਾਣੀ ਬਾਰੇ ਗੱਲ ਕਰਨ ਵੇਲੇ ਵੀ ਉਹ ਐਸਾ ਨੁਕਤਾ ਹੀ ਪੇਸ਼ ਕਰਦੇ ਹਨ ਜਿਹੜਾ ਕਿ ਉਹਨਾਂ ਕਬੀਰ ਬਾਣੀ ਦੇ ਸੰਬੰਧ ਵਿਚ ਪ੍ਰਸਤੁਤ ਕੀਤਾ ਹੈ ਅਰਥਾਤ *ਉਹ ਬਾਣੀਕਾਰਾਂ ਨੂੰ ਵੀ ਪਹਿਲੀ ਵਾਰ ਸਾਹਿਤ ਨੂੰ ਸਮਾਜਿਕ ਤੇ ਜਨ-ਕਲਿਆਣ ਦੇ ਸਾਧਨ ਵਜੋਂ ਵਰਤੀਂਦੇ ਦੱਸਦੇ ਹਨ।* [11] ਇਕੋ ਪਰੰਪਰਾ ਦਾ ਆਗਾਜ਼ ਉਹ ਕਬੀਰ ਨਾਲ ਵੀ ਜੋੜ ਦਿੰਦੇ ਹਨ ਤੇ ਗੁਰਬਾਣੀ ਨਾਲ ਵੀ। ਇਕ ਹੋਰ ਉਦਾਹਰਣ ਭਾਈ ਗੁਰਦਾਸ ਦੀ ਰਚਨਾ ਦੇ ਸੰਬੰਧ ਵਿਚ ਵੇਖੀ ਜਾ ਸਕਦੀ ਹੈ। ਉਹ ਭਾਈ ਗੁਰਦਾਸ ਦੀ ਰਚਨਾ ਬਾਰੇ ਵਿਚਾਰ ਕਰਦੇ ਹੋਏ ਲਿਖਦੇ ਹਨ ਕਿ ਭਾਈ ਗੁਰਦਾਸ ਦੀ ਰਚਨਾ ਕਈ ਪੱਖਾਂ ਤੋਂ *"ਜਾਗੀਰਦਾਰੀ ਚੌਖਟੇ ਤੋਂ ਬਾਹਰ ਨਹੀਂ ਆਉਂਦੀ ਅਤੇ ਅੱਜ ਦੇ ਸਮੇਂ ਅਨੁਸਾਰ ਉਨ੍ਹਾਂ ਦੀ ਰਚਨਾ ਦੇ ਕੁਝ ਪਹਿਲੂ ਬੜੇ ਪੁਰਾਣੇ ਤੇ ਅਣ-ਉਚਿਤ ਭਾਸਦੇ ਹਨ"* [12] ਜਦਕਿ ਵੇਖਣਯੋਗ ਹੈ ਕਿ ਗੁਰਬਾਣੀ ਦੇ ਸੰਬੰਧ ਵਿਚ ਉਹ ਅਜਿਹਾ ਕੋਈ ਵੀ ਵਿਚਾਰ ਨਹੀਂ ਰੱਖਦੇ। ਇਹਨਾਂ ਮਿਸਾਲਾਂ ਤੋਂ ਇਥੇ ਇਹੋ ਸਪੱਸ਼ਟ ਹੁੰਦਾ ਹੈ ਕਿ ਉਹ ਗੁਰਬਾਣੀ ਪ੍ਰਤਿ ਉਪ-ਭਾਵੁਕਤਾ ਦੇ ਸ਼ਿਕਾਰ ਹਨ। ਗੁਰਬਾਣੀ ਤੋਂ ਇਲਾਵਾ ਜਦੋਂ ਉਹ ਭਾਈ ਗੁਰਦਾਸ ਦੀ ਰਚਨਾ, ਕਿੱਸਾਕਾਰਾਂ, ਵਾਰਕਾਰਾਂ ਅਤੇ ਆਧੁਨਿਕ ਸਾਹਿਤਕਾਰਾਂ ਦੀ ਗੱਲ ਕਰਦੇ ਹਨ ਤਾਂ ਉਹਨਾਂ ਦੀ ਆਲੋਚਨਾਤਮਿਕ ਅਧਿਅਨ-ਦ੍ਰਿਸ਼ਟੀ ਖ਼ੂਬ ਉਘੜਦੀ ਨਜ਼ਰ ਆਉਂਦੀ ਹੈ ਜਦਕਿ ਗੁਰਬਾਣੀ ਦੇ ਅਧਿਅਨ ਵੇਲੇ ਇਹੋ ਆਲੋਚਨਾਤਮਿਕ ਬਿਰਤੀ ਕਿਧਰੇ ਛੁਪੀ ਹੋਈ ਜਾਂ ਸ਼ਰਧਾਮਈ ਦ੍ਰਿਸ਼ਟੀਕੋਣ ਵਿਚ ਵੱਟ ਜਾਂਦੀ ਹੈ। ਆਪਣੇ ਇਤਿਹਾਸ ਵਿਚ ਉਹ ਸਮੁੱਚੇ ਅਧਿਆਤਮਵਾਦੀ ਸਾਹਿਤ ਨੂੰ ਸਮਾਜਿਕ ਤੇ ਇਤਿਹਾਸਕ ਪ੍ਰਸੰਗ ਵਿੱਚ ਰੱਖ ਕੇ ਵੇਖਣ ਦੀ ਸਲਾਹ ਦਿੰਦੇ ਹਨ। ਉਹਨਾਂ ਦੀ ਹੇਠਲੀ ਟਿੱਪਣੀ ਅਧਿਆਤਮਵਾਦੀ ਤੇ ਧਾਰਮਿਕ ਸਾਹਿਤ ਨੂੰ ਇਸੇ ਦ੍ਰਿਸ਼ਟੀਕੋਣ ਤੋਂ ਵੇਖਣ ਦੀ ਕੋਸ਼ਿਸ਼ ਵਿਚ ਹੈ:

> *ਅਧਿਆਤਮਵਾਦ, ਮੱਧ-ਕਾਲ ਦੇ ਜਾਗੀਰਦਾਰੀ ਸਮਾਜ ਦੀ ਇਕ ਬਹੁਤ ਵੱਡੀ ਓਟ ਹੈ। ਇਸ ਦੇ ਉੱਤੇ ਆਦਰਸ਼ਵਾਦੀ ਫ਼ਲਸਫ਼ੇ ਦੀ ਪਾਣ, ਲੋਕਾਂ ਦਾ ਮੂੰਹ ਦੁਨਿਆਵੀ ਸੱਤਾ ਵੱਲੋਂ ਮੋੜ ਕੇ ਆਤਮਿਕ ਅਵਸਥਾ ਦੇ ਮਾਹੌਲ ਵੱਕ ਲੈ ਆਉਂਦੀ ਹੈ, ਜਿਸ ਵਿਚ ਆਤਮਿਕ ਬਰਾਬਰੀ ਤੇ ਭਾਈਚਾਰਕ ਏਕਤਾ ਦੇ ਅਸੂਲ ਪ੍ਰਧਾਨ ਹੁੰਦੇ ਹਨ।*[13]

ਕਿਰਪਾਲ ਸਿੰਘ ਕਸੇਲ ਤੇ ਸਹਿਯੋਗੀ ਲੇਖਕ ਮੱਧਕਾਲੀ ਸਾਹਿਤ ਦੀ ਸਮੁੱਚੀ ਵਿਸ਼ੇਸ਼ਤਾ ਹੀ ਇਸ ਗੱਲ ਵਿਚ ਮਿਥਦੇ ਹਨ ਕਿ ਇਸ ਵਿਚ "ਲੋਕਤਾਂਤਰਿਕ ਜਾਂ ਜਨਵਾਦੀ ਸੁਭਾਅ" ਨੂੰ ਕੇਂਦਰੀ ਮਹੱਤਵ ਦਿੱਤਾ ਗਿਆ ਹੈ ਅਤੇ ਨਾਲ ਹੀ ਇਸ ਵਿਚ "ਸੰਕੀਰਣਤਾ ਰਹਿਤ ਮਾਨਵ-ਵਾਦ" ਨੂੰ ਵਿਆਪਕ ਅਰਥਾਂ ਵਿੱਚ ਅਪਣਾਇਆ ਗਿਆ ਹੈ। ਉਹਨਾਂ ਦੇ ਮਤ ਅਨੁਸਾਰ ਇਸ ਵੇਲੇ ਦੇ ਸਾਹਿਤ ਵਿਚ ਲੋਕਾਂ ਦੀ ਪ੍ਰਗਤੀ ਤੇ ਕਲਿਆਣ ਨੂੰ ਮਰਕਜ਼ੀ ਮਹੱਤਵ ਪ੍ਰਾਪਤ ਹੁੰਦਾ ਹੈ ਤੇ *"ਲੋਕ ਪੱਖੀ ਹੋਣਾ ਇਸ ਦਾ ਮੀਰੀ ਗੁਣ ਰਿਹਾ"*[14] ਹੈ। ਭਾਵੇਂ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਸਾਹਿਤ ਜਨਵਾਦੀ ਜਾਂ ਲੋਕਤਾਂਤਰਿਕ ਸੀ ਪਰ ਇਸ ਦੀ ਕੋਈ ਇਤਿਹਾਸਕ ਸੀਮਾਂ ਵੀ ਸੀ, ਜਿਸ ਨੂੰ ਇਹਨਾਂ ਲੇਖਕਾਂ ਸਪੱਸ਼ਟ ਕਰਨ ਦੀ ਜ਼ਹਿਮਤ ਨਹੀਂ ਕੀਤੀ। ਕੁਝ ਥਾਵਾਂ ਉੱਤੇ ਜ਼ਰੂਰ ਉਹਨਾਂ ਇਸ਼ਾਰੇ ਕੀਤੇ ਹਨ, ਜਿਵੇਂ ਗੁਰਬਾਣੀ

ਦੇ *ਹੁਕਮਵਾਦੀ ਸੰਕਲਪ*[15] ਤੇ ਇਸਤਰੀ ਦੀ ਸਿੱਧਾਂਤਕ ਤੇ ਅਸਲ ਦਸ਼ਾ ਦੇ ਸੰਬੰਧ ਵਿਚ[16] ਪਰ ਸਿੱਧੇ ਰੂਪ ਵਿਚ ਉਹ ਇਹਨਾਂ ਨੂੰ ਗੁਰਬਾਣੀ ਦੀਆਂ ਸੀਮਾਵਾਂ ਪ੍ਰਵਾਨ ਨਹੀਂ ਕਰਦੇ। ਉਹ ਮਾਨਵਵਾਦ ਦੀ ਗੱਲ ਵੀ ਕਰਦੇ ਹਨ ਪਰ ਮਾਨਵਵਾਦੀ ਪ੍ਰਵਿਰਤੀ ਨੂੰ ਉਹ ਉਵੇਂ ਸਪੱਸ਼ਟ ਨਹੀਂ ਕਰਦੇ ਜਿਵੇਂ ਰਾਸ਼ਟਰਵਾਦ, ਪ੍ਰਗਤੀਵਾਦ, ਮੱਧ-ਸ਼੍ਰੇਣਿਕ ਵਿਅਕਤੀਵਾਦ, ਯਥਾਰਥਵਾਦ, ਨਵੀਨ ਰਹੱਸਵਾਦ, ਛਾਇਆਵਾਦ, ਸੁਹਜਵਾਦ, ਪ੍ਰਯੋਗਵਾਦ ਤੇ ਹੋਰ ਪ੍ਰਵਿਰਤੀਆਂ ਨੂੰ ਆਪਣੇ ਇਤਿਹਾਸ ਵਿਚ ਕਰਦੇ ਹਨ। ਹਿੰਦੀ ਸਾਹਿਤ ਦੇ ਪ੍ਰਖਿਆਤ ਇਤਿਹਾਸਕਾਰ ਹਜ਼ਾਰੀ ਪ੍ਰਸਾਦਿ ਦਿਵੇਦੀ ਨੇ ਮਾਨਵਵਾਦ ਬਾਰੇ ਖ਼ਾਸ ਤੌਰ ਉੱਤੇ ਚਰਚਾ ਕੀਤੀ ਹੈ। ਉਹ ਮੱਧਕਾਲੀ ਮਾਨਵਵਾਦ ਤੇ ਆਧੁਨਿਕ ਮਾਨਵਵਾਦ ਵਿਚਕਾਰ ਇਕ ਬੁਨਿਆਦੀ ਰੇਖ਼ਾ ਖਿੱਚਦਾ ਹੈ। ਆਧੁਨਿਕ ਮਾਨਵਵਾਦ ਸੰਬੰਧੀ ਗੱਲ ਕਰਦਾ ਹੋਇਆ ਉਹ ਲਿਖਦਾ ਹੈ ਕਿ *"ਇਸ ਨੂੰ ਮੱਧਕਾਲ ਦੇ ਮਾਨਵਵਾਦ ਨਾਲ ਉਲਝਾਉਣਾ ਨਹੀਂ ਚਾਹੀਦਾ ਜਿਥੇ ਕਿਸੇ ਨਾ ਕਿਸੇ ਰੂਪ ਵਿੱਚ ਇਹ ਸਵੀਕਾਰ ਕੀਤਾ ਗਿਆ ਹੈ ਕਿ ਮਨੁੱਖ ਜਨਮ ਦੁਰਲਭ ਹੈ"*[17] ਅਤੇ ਸਭ ਕੁਝ ਪ੍ਰਮਾਤਮਾ ਦੀ ਲੀਲਾ ਵਿੱਚ ਹੀ ਹੋ ਰਿਹਾ ਹੈ। ਡਾ. ਦਿਵੇਦੀ ਦੇ ਇਸ ਵਿਚਾਰ ਤੋਂ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਅਜਿਹੇ ਵਿਚਾਰ ਹੀ ਗੁਰਬਾਣੀ ਵਿਚ ਅਤੇ ਧਾਰਮਿਕ ਸਾਹਿਤ ਵਿਚ ਥਾਂ ਪੁਰ ਥਾਂ ਪ੍ਰਗਟਾਏ ਗਏ ਹਨ (ਜਿਹਨਾਂ ਵੱਲ ਕਿਰਪਾਲ ਸਿੰਘ ਕਸੇਲ ਤੇ ਸਹਿ-ਲੇਖਕਾਂ ਨੇ ਇਸ਼ਾਰੇ ਵੀ ਕੀਤੇ ਹਨ) ਅਤੇ ਇਹਨਾਂ ਦੀ ਇਤਿਹਾਸਕ ਅਹਿਮੀਅਤ ਤੇ ਸੀਮਾਂ ਦੋਹਾਂ ਨੂੰ ਪੇਸ਼ ਕਰਨਾ ਇਤਿਹਾਸਕਾਰ ਦਾ ਬੁਨਿਆਦੀ ਕਰਤੱਵ ਬਣ ਜਾਂਦਾ ਹੈ।

ਮੱਧਕਾਲ ਤੇ ਮੱਧਕਾਲੀ ਸਾਹਿਤ ਨਾਲੋਂ ਇਹਨਾਂ ਲੇਖਕਾਂ ਨੇ ਆਧੁਨਿਕਤਾ ਤੇ ਆਧੁਨਿਕ ਸਾਹਿਤ ਬਾਰੇ ਵਿਸ਼ੇਸ਼ ਤੌਰ ਉੱਤੇ ਚਰਚਾ ਕੀਤੀ ਹੈ। ਇਥੇ ਇਹਨਾਂ ਦੇ ਵਿਚਾਰ ਵੀ ਵਧੇਰੇ ਨਿੱਖੜ ਕੇ ਸਾਹਮਣੇ ਆਉਂਦੇ ਹਨ। ਆਧੁਨਿਕਤਾ ਤੇ ਆਧੁਨਿਕ ਸਾਹਿਤ ਨੂੰ ਇਹ ਪੂੰਜੀਵਾਦੀ ਸਮਾਜਿਕ ਪ੍ਰਬੰਧ ਨਾਲ ਜੋੜਦੇ ਹਨ ਅਤੇ ਇਸ ਦੀਆਂ ਜੜ੍ਹਾਂ ਅੰਗਰੇਜ਼ੀ ਸਾਮਰਾਜਵਾਦ ਰਾਹੀਂ ਲਿਆਂਦੇ ਗਏ ਪੱਛਮੀ ਸਭਿਆਚਾਰ ਵਿਚੋਂ ਢੂੰਡਦੇ ਹਨ। ਇਹਨਾਂ ਦਾ ਮੰਨਣਾ ਹੈ ਕਿ ਪੰਜਾਬ ਦਾ ਸਮਾਜਿਕ ਤੇ ਸਭਿਆਚਾਰਕ ਪ੍ਰਬੰਧ ਉਸ ਵੇਲੇ ਹੀ ਆਧੁਨਿਕ ਲੀਹਾਂ ਤੇ ਚੱਲਣਾ ਸ਼ੁਰੂ ਹੁੰਦਾ ਹੈ ਜਦੋਂ ਇਹ ਸਿੱਧੇ ਰੂਪ ਵਿਚ ਅੰਗਰੇਜ਼ੀ ਸਾਮਰਾਜ ਦੇ ਅਧੀਨ ਆਉਂਦਾ ਹੈ ਪਰ ਇਸ ਨਾਲ ਵੀ ਪਦਾਰਥਕ ਹਾਲਾਤ ਹੀ ਨਾਲ ਬਦਲਦੇ ਹਨ, ਨਾ ਕਿ ਸਭਿਆਚਾਰਕ ਤੇ ਸਾਹਿਤਕ ਹਾਲਾਤ। ਸਭਿਆਚਾਰ ਤੇ ਸਾਹਿਤ ਉਹਨਾਂ ਅਨੁਸਾਰ, ਅਜਿਹੀਆਂ ਵਸਤਾਂ ਨਹੀਂ ਹੁੰਦੀਆਂ, ਜੋ ਝੱਟ-ਪੱਟ ਜਾਂ ਇਕ ਦਮ ਬਦਲ ਜਾਣ। *"ਸਾਹਿਤਕ ਮਰਿਯਾਦਾ ਸਦੀਆਂ ਵਿਚ ਬੱਝਦੀ ਹੈ ਤੇ ਸਦੀਆਂ ਪਿਛੋਂ ਜਾ ਕੇ ਟੁੱਟਦੀ ਹੈ।"*[18] ਇਸੇ ਕਰਕੇ ਇਹਨਾਂ ਆਧੁਨਿਕ ਸਾਹਿਤ ਨੂੰ ਤਿੰਨ ਉਪ-ਪੜਾਵਾਂ, ਜਾਗ੍ਰਤੀ ਕਾਲ, ਪਰਿਵਰਤਨ ਕਾਲ ਤੇ ਨਵੀਨ ਕਾਲ ਵਿਚ ਵੰਡ ਕੇ ਪ੍ਰਸਤੁਤ ਕੀਤਾ ਹੈ। ਇਹ ਲੇਖਕ ਭਾਰਤੀ ਜਾਂ ਪੰਜਾਬੀ ਹੀ ਨਹੀਂ ਬਲਕਿ ਸਮੁੱਚੇ ਵਿਸ਼ਵ ਦੇ ਸਾਹਿਤ ਨੂੰ ਆਧੁਨਿਕ ਬਣਾਉਣ ਦਾ ਸਿਹਰਾ ਪੱਛਮੀ ਸੱਭਿਅਤਾ ਦੇ ਸਿਰ ਬੰਨ੍ਹਦੇ ਹਨ ਪਰੰਤੂ ਨਾਲ ਹੀ ਸੁਚੇਤ ਕਰਦੇ ਹੋਏ ਇਹ ਵੀ ਲਿਖਦੇ ਹਨ ਕਿ "ਨਿਰੋਲ ਪੱਛਮ ਦਾ ਅਨੁਕਰਣ" ਵੀ ਆਧੁਨਿਕ ਨਹੀਂ ਅਖਵਾ ਸਕਦਾ ਬਲਕਿ ਇਸ ਪ੍ਰਸੰਗ ਵਿਚ ਵੀ ਉਹਨਾਂ ਅਨੁਸਾਰ *"ਅਸੀਂ ਆਪਣੀ ਕੌਮੀ ਲੀਹ ਨੂੰ ਵੇਖ ਸਕਦੇ ਹਾਂ"।*[19] ਆਪਣੀ ਇਸ ਕੌਮੀ ਲੀਹ ਨੂੰ ਉਹਨਾਂ ਬਹੁਤਾ ਸਪੱਸ਼ਟ ਤਾਂ ਨਹੀਂ ਕੀਤਾ ਪਰ ਪੂੰਜੀਵਾਦ ਦੀਆਂ ਵਪਾਰਕ ਲੀਹਾਂ ਪ੍ਰਤਿ ਵਿਮੁੱਖਤਾ ਵੱਲ ਜ਼ਰੂਰ ਸੰਕੇਤ ਕੀਤਾ ਹੈ ਅਤੇ ਇਸ ਨੂੰ ਹੀ ਉਹਨਾਂ "ਅਰੋਗ ਰੁਚੀਆਂ" ਤੇ "ਨਵੀਂ ਮਰਿਯਾਦਾ" ਵਜੋਂ ਗ੍ਰਹਿਣ ਕਰਨ ਉੱਤੇ ਬਲ ਦਿੱਤਾ ਹੈ। ਆਧੁਨਿਕ ਜਾਂ ਆਧੁਨਿਕ ਸਮੇਂ ਵਿਚ ਹੋਏ ਸਮਾਜਿਕ ਤੇ ਸਭਿਆਚਾਰਕ ਪਰਿਵਰਤਨ ਨੂੰ ਇਹਨਾਂ ਇਤਿਹਾਸਕਾਰਾਂ ਨੇ ਬੜੀ ਖ਼ੂਬੀ ਨਾਲ ਤੇ ਵਿਸਤ੍ਰਿਤ ਰੂਪ ਵਿਚ ਪੇਸ਼ ਕੀਤਾ ਹੈ। ਨਵੇਂ ਸਾਹਿਤਕ ਰੂਪਾਂ ਤੇ ਨਵੇਂ ਖ਼ਿਆਲਾਤ ਨੂੰ ਇਹ ਲੇਖਕ ਸਮਾਜਿਕ ਤੇ ਇਤਿਹਾਸਕ ਪਰਿਵਰਤਨ ਦੀ ਰੌਸ਼ਨੀ ਵਿਚ ਦੇਖਦੇ ਹਨ। ਇਹ ਲੇਖਕ ਇਕੋ ਪੱਧਤੀ ਜਾਂ ਪ੍ਰਵਿਰਤੀ ਅਧੀਨ ਲਿਖਣ ਵਾਲੇ ਸਾਹਿਤਕਾਰਾਂ ਨੂੰ ਤੁਲਨਾਤਮਕ ਰੂਪ ਵਿਚ ਦੇਖਦੇ ਹਨ ਅਤੇ ਉਹਨਾਂ ਦੀ ਵਿਅਕਤੀਗਤ ਵੱਖਰਤਾ ਨੂੰ ਇਸੇ ਦ੍ਰਿਸ਼ਟੀਕੋਣ ਤੋਂ ਸਥਾਪਿਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਹਨਾਂ ਦੀ ਇਸ ਪ੍ਰਕਾਰ ਦੀ ਪਹੁੰਚ ਨੂੰ ਗੁਰਬਾਣੀ ਤੇ ਭਾਈ ਗੁਰਦਾਸ, ਗੁਰਬਾਣੀ ਤੇ ਭਾਈ ਵੀਰ ਸਿੰਘ, ਭਾਈ ਗੁਰਦਾਸ ਤੇ ਭਾਈ ਵੀਰ ਸਿੰਘ, ਮੋਹਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ, ਅੰਮ੍ਰਿਤਾ ਪ੍ਰੀਤਮ ਤੇ ਪ੍ਰਭਜੋਤ ਕੌਰ, ਪ੍ਰੋ. ਪੂਰਨ ਸਿੰਘ ਤੇ ਦੀਵਾਨ ਸਿੰਘ ਕਾਲੇਪਾਣੀ, ਈਸ਼ਵਰ ਚੰਦਰ ਨੰਦਾ ਤੇ ਹਰਚਰਨ ਸਿੰਘ, ਮੋਹਨ ਸਿੰਘ ਵੈਦ ਤੇ ਨਾਨਕ ਸਿੰਘ, ਸੁਜਾਨ ਸਿੰਘ ਤੇ ਸੰਤ ਸਿੰਘ ਸੇਖੋਂ, ਸ਼ਿਵ ਕੁਮਾਰ ਤੇ ਹਰਿਭਜਨ ਸਿੰਘ, ਕਰਤਾਰ ਸਿੰਘ ਦੁੱਗਲ ਤੇ ਸੁਰਜੀਤ ਸਿੰਘ ਸੇਠੀ ਦੇ ਸੰਦਰਭ ਵਿਚ ਵੇਖਿਆ ਜਾ ਸਕਦਾ ਹੈ। ਇਹ ਪ੍ਰਗਤੀਵਾਦੀ ਯਥਾਰਥਵਾਦੀ ਸਾਹਿਤਕਾਰਾਂ, ਜਿਵੇਂ ਬਾਵਾ ਬਲਵੰਤ, ਪ੍ਰੀਤਮ ਸਿੰਘ ਸਫ਼ੀਰ, ਸੰਤ ਸਿੰਘ ਸੇਖੋਂ, ਗੁਰਮੁਖ ਸਿੰਘ ਮੁਸਾਫ਼ਿਰ ਦੀ ਤਾਰੀਫ਼ ਕਰਦੇ ਹਨ ਅਤੇ ਇਸਤਰੀ ਲੇਖਕਾਂ ਦੀ ਰਚਨਾ ਪ੍ਰਤਿ ਨਾਂਹਮੁਖੀ ਰਵੱਈਆ ਵਧੇਰੇ ਰੱਖਦੇ ਹਨ। ਪੂਰਨ ਸਿੰਘ ਨੂੰ ਤਾਂ ਇਹਨਾਂ ਲੇਖਕਾਂ ਨੇ ਆਧੁਨਿਕ ਸਮੇਂ ਦੇ ਸ਼ਾਹਕਾਰ ਵਜੋਂ ਸਥਾਪਿਤ ਕਰਨ ਦੀ ਵਾਰ ਲਾਈ ਹੈ ਜਦਕਿ ਉਸਨੂੰ ਇਹ "ਨਵ-ਅਧਿਆਤਮਵਾਦੀ ਤੇ ਰਹੱਸਵਾਦੀ" ਕਵੀ ਹੀ ਦੱਸਦੇ ਹਨ। *ਡਾ. ਗੁਰਵਿੰਦਰ ਕੌਰ ਨੇ ਆਪਣੇ ਖੋਜ-ਪ੍ਰਬੰਧ ਵਿਚ ਇਹਨਾਂ ਇਤਿਹਾਸਕਾਰਾਂ ਦੀ ਸਮੁੱਚੇ ਆਧੁਨਿਕ ਸਾਹਿਤ ਪ੍ਰਤਿ ਪਹੁੰਚ ਅਤੇ ਇਹਨਾਂ ਵਿਚਲੇ ਅੰਤਰ-ਵਿਰੋਧਾਂ ਨੂੰ ਬਾਖ਼ੂਬੀ ਉਘਾੜ-ਉਭਾਰ ਕੇ ਪੇਸ਼ ਕੀਤਾ ਹੈ।*[20]

ਵਿਚਾਰ-ਅਧੀਨ ਇਤਿਹਾਸ ਦੇ ਲੇਖਕਾਂ ਨੇ ਕਿਸੇ ਵੀ ਕਲਾ-ਕ੍ਰਿਤੀ ਦਾ ਅਧਿਅਨ ਵਿਗਿਆਨਕ ਆਧਾਰਾਂ ਉੱਤੇ ਕਰਨ ਦੀ ਹਿਮਾਇਤ ਕੀਤੀ ਹੈ ਅਤੇ ਇਹ ਵਿਗਿਆਨਕ ਆਧਾਰ ਉਹ ਇਤਿਹਾਸਕ ਪਦਾਰਥਵਾਦੀ ਦ੍ਰਿਸ਼ਟੀਕੋਣ ਵਿਚ ਨਿਹਿਤ ਸਮਝਦੇ ਹਨ। ਉਹਨਾਂ ਆਪਣੇ ਇਸ ਸਮੁੱਚੇ ਇਤਿਹਾਸ ਵਿਚ ਇਸੇ ਦ੍ਰਿਸ਼ਟੀਕੋਣ ਤੋਂ ਪੰਜਾਬੀ ਸਾਹਿਤ ਦੀ ਕਾਲ-ਵੰਡ ਕਰਨ ਤੇ ਰਚਨਾਵਾਂ ਦਾ ਅਧਿਅਨ ਕਰਨ ਦਾ ਦਾਵਾ ਕੀਤਾ ਹੈ। ਇਹਨਾਂ ਕਾਲ-ਵੰਡ ਦੀ ਸਮੱਸਿਆ ਨੂੰ ਬੜੀ ਬਾਰੀਕੀ ਤੇ ਸ਼ਿੱਦਤ ਨਾਲ ਘੋਖਿਆ-ਪਰਖਿਆ ਹੈ ਅਤੇ ਫਿਰ ਆਪਣੇ ਇਤਿਹਾਸ ਦੀ ਕਾਲ-ਵੰਡ ਨੂੰ ਅੰਜਾਮ ਦਿੱਤਾ ਹੈ। ਇਹਨਾਂ ਤੋਂ ਪੂਰਵਲੇ ਸਾਹਿਤ ਇਤਿਹਾਸਾਂ ਉੱਤੇ ਨਿਗਾਹ ਮਾਈਏ ਤਾਂ ਉਹਨਾਂ ਦੇ ਲੇਖਕ ਕਾਲ-ਵੰਡ ਪ੍ਰਤਿ ਇਨੇ ਸੁਚੇਤ ਦਿਖਾਈ ਨਹੀਂ ਦਿੰਦੇ। ਬਾਵਾ ਬੁੱਧ ਸਿੰਘ ਨੇ ਸਾਧਾਰਣ ਜਿਹੀ ਕਾਲ-ਵੰਡ ਕੀਤੀ ਹੈ ਅਤੇ ਮੋਹਨ ਸਿੰਘ ਦੀਵਾਨਾ ਵੀ ਆਪਣੀ ਕਾਲ-ਵੰਡ ਨੂੰ ਲਗਾਤਾਰ ਬਦਲਦਾ ਰਹਿੰਦਾ ਹੈ। ਬਨਾਰਸੀ ਦਾਸ ਜੈਨ ਨੇ ਧਰਮ ਨੂੰ ਮੁਖ ਰੱਖਦੇ ਹੋਏ ਆਪਣੇ ਇਤਿਹਾਸ ਦੀ ਕਾਲ-ਵੰਡ ਕੀਤੀ ਹੈ ਅਤੇ ਗੋਪਾਲ ਸਿੰਘ ਦਰਦੀ ਜ਼ਿਆਦਾਤਰ ਉਨੀਵੀਂ ਸਦੀ ਦੇ ਸਾਹਿਤ ਤਕ ਹੀ ਮਹਿਦੂਦ ਰਹਿੰਦਾ ਹੈ। ਪਰੰਤੂ ਵਿਚਾਰ-ਅਧੀਨ ਇਤਿਹਾਸ ਦੇ ਕਰਤਾਵਾਂ ਨੇ ਕਾਲ-ਵੰਡ ਦੀ ਸਮੱਸਿਆ ਨੂੰ ਵਿਗਿਆਨਕ ਆਧਾਰਾਂ ਉੱਤੇ ਨਜਿੱਠਣ ਕੋਸ਼ਿਸ਼ ਕੀਤੀ ਹੈ। ਇਹ ਇਤਿਹਾਸਕਾਰ ਕਾਲ-ਵੰਡ ਦੀ ਸਮੱਸਿਆ ਨੂੰ ਪਹਿਲੀ ਵਾਰ ਸਮਾਜਿਕ ਤੇ ਇਤਿਹਾਸਕ ਆਧਾਰ ਪ੍ਰਦਾਨ ਕਰਦੇ ਨਜ਼ਰ ਆਉਂਦੇ ਹਨ। ਇਹਨਾਂ ਦਾ ਕਾਲ-ਵੰਡ ਪ੍ਰਤਿ ਨਜ਼ਰੀਆ ਬੜਾ ਘੋਖਵਾਂ ਹੈ ਕਿਉਂਕਿ ਇਹ ਸਾਹਿਤ ਇਤਿਹਾਸ ਦੇ ਸੰਜਮ ਤੋਂ ਪੂਰੀ ਤਰ੍ਹਾਂ ਵਾਕਿਫ਼ ਹਨ ਅਤੇ ਆਪਣੇ ਤੋਂ ਪੂਰਵਲੇ ਸਾਹਿਤ ਇਤਿਹਾਸਾਂ ਦੀ ਕਾਲ-ਵੰਡ ਤੋਂ ਜਾਣੂ ਵੀ ਹਨ। ਕਾਲ-ਵੰਡ ਨੂੰ ਉਹ ਵਿਗਿਆਨਕ ਆਧਾਰਾਂ ਉੱਤੇ ਕਰਨ ਦੀ

ਸਲਾਹ ਦਿੰਦੇ ਹੋਏ ਲਿਖਦੇ ਹਨ:

*ਪੰਜਾਬੀ ਸਾਹਿਤ ਦੇ ਇਤਿਹਾਸ ਦੇ ਕਾਲਾਂ ਨੂੰ ਸਮਾਜਿਕ ਇਤਿਹਾਸ ਨਾਲ ਜੋੜ ਕੇ ਉਨ੍ਹਾਂ ਦਾ ਨਾਮਕਰਨ ਕੀਤਾ ਜਾਵੇ, ਕਿਉਂਕਿ ਦੋਵੇਂ ਇਕ ਦੂਜੇ ਦੇ ਪੂਰਕ ਹਨ। ਜੇ ਸਾਹਿਤ ਦੇ ਇਤਿਹਾਸ ਦੀ ਕਾਲ-ਵੰਡ ਸਮਾਜਿਕ-ਇਤਿਹਾਸ ਨਾਲ ਜੋੜ ਕੇ ਕੀਤੀ ਜਾਵੇ ਤਾਂ ਸਾਹਿਤਕ ਇਤਿਹਾਸ ਦੀ ਵਿਕਾਸ ਰੇਖਾ ਨੂੰ ਰੇਖਾ-ਅੰਕਤ ਕੀਤਾ ਜਾ ਸਕਦਾ ਹੈ, ਕਿਉਂ ਜੋ ਹਰ ਦੇਸ਼ ਦੇ ਸਾਹਿਤ ਦੇ ਇਤਿਹਾਸਕ ਵਿਕਾਸ ਵਿਚ ਇਕ ਪ੍ਰਕਾਰ ਦੀ ਗਤੀਸ਼ੀਲ ਨਿਰੰਤਰਤਾ ਅਤੇ ਵਿਕਾਸ ਨੂੰ ਜਾਨਣਾ ਬੜਾ ਜ਼ਰੂਰੀ ਹੈ।*[21]

ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ ਦੇ ਕਰਤਾਵਾਂ ਨੇ ਉਪਰੋਕਤ ਕਥਨ ਦੀ ਰੌਸ਼ਨੀ ਵਿਚ ਹੀ ਕਾਲ-ਵੰਡ ਨੂੰ ਅੰਜਾਮ ਦਿੱਤਾ ਹੈ। ਇਹਨਾਂ ਮੋਟੇ ਤੌਰ ਉਤੇ ਪੰਜਾਬੀ ਸਾਹਿਤ ਨੂੰ ਮੱਧਕਾਲ, ਆਧੁਨਿਕ ਕਾਲ ਅਤੇ ਸੁਤੰਤਰਤਾ ਕਾਲ ਦੇ ਤਿੰਨ ਪੜਾਵਾਂ ਵਿਚ ਵੰਡਿਆ ਹੈ ਅਤੇ ਅਗਾਂਹ ਇਹਨਾਂ ਦੀ ਉਪ-ਵੰਡ ਵੀ ਕੀਤੀ ਹੈ। ਇਹ ਲੇਖਕ ਆਪਣੇ ਇਤਿਹਾਸ ਵਿਚ ਬ੍ਰਜ ਭਾਸ਼ਾ ਦੇ ਸਾਹਿਤ ਨੂੰ ਵਿਚਾਰਦੇ ਤਾਂ ਦੇਖੇ ਜਾ ਸਕਦੇ ਹਨ ਪਰ ਆਪਣੀ ਕਾਲ-ਵੰਡ ਤੋਂ ਥਿੜਕਦੇ ਨਜ਼ਰ ਨਹੀਂ ਆਉਂਦੇ।

ਇਸ ਤੋਂ ਪੂਰਵਲੇ ਸਾਹਿਤ ਇਤਿਹਾਸਾਂ ਉੱਤੇ ਧਿਆਨ ਮਾਰੀਏ ਤਾਂ ਉਥੇ ਵਧੇਰੇ ਜ਼ੋਰ ਮੱਧਕਾਲ ਦੇ ਸਾਹਿਤਕਾਰਾਂ ਉੱਪਰ ਹੀ ਰਹਿੰਦਾ ਹੈ। ਬਾਵਾ ਬੁੱਧ ਸਿੰਘ ਹੋਵੇ ਜਾਂ ਮੋਹਨ ਸਿੰਘ ਦੀਵਾਨਾ, ਮੌਲਾ ਬਖ਼ਸ਼ ਕੁਸ਼ਤਾ ਹੋਵੇ ਜਾਂ ਗੋਪਾਲ ਸਿੰਘ ਦਰਦੀ, ਇਹ ਸਾਰੇ ਹੀ ਮੱਧਕਾਲੀ ਸਾਹਿਤ ਦੇ ਇਰਧ-ਗਿਰਧ ਵਿਚਰਦੇ ਰਹਿੰਦੇ ਹਨ। *ਆਧੁਨਿਕ ਸਾਹਿਤ ਵੱਲ ਜਾਂ ਤਾਂ ਉਹ ਆਉਂਦੇ ਹੀ ਨਹੀਂ ਅਤੇ ਜੇ ਆਉਂਦੇ ਵੀ ਹਨ ਉਹਨਾਂ ਦਾ ਰਵੱਈਆ ਇਸ ਪ੍ਰਤਿ ਖੰਡਨਮਈ*[22] ਹੀ ਵਧੇਰੇ ਰਹਿੰਦਾ ਹੈ। ਇਸਦੇ ਉਲਟ ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ ਦੇ ਉਸਰੱਈਏ ਆਧੁਨਿਕ ਸਾਹਿਤ ਦੀ ਮਹੱਤਤਾ ਨੂੰ ਵੀ ਪ੍ਰਵਾਨ ਕਰਦੇ ਹਨ। ਇਹ ਮੱਧਕਾਲੀ ਸਾਹਿਤ ਨੂੰ ਵੀ ਆਪਣੇ ਇਤਿਹਾਸ ਵਿਚ ਥਾਂ ਦਿੰਦੇ ਹਨ ਅਤੇ ਆਧੁਨਿਕ ਸਾਹਿਤ ਨੂੰ ਵੀ ਬਰਾਬਰ ਅਹਿਮੀਅਤ ਦਿੰਦੇ ਹਨ। ਇਹਨਾਂ ਦੁਆਰਾ ਦਿੱਤੀ ਗਈ ਇਸ ਬਰਾਬਰ ਅਹਿਮੀਅਤ ਕਰਕੇ ਹੀ ਡਾ. *ਕੁਲਬੀਰ ਸਿੰਘ ਕਾਂਗ ਇਹਨਾਂ ਦੇ ਸਾਹਿਤ ਇਤਿਹਾਸ ਨੂੰ ਸੰਤੁਲਿਤ ਸਾਹਿਤ ਇਤਿਹਾਸਾਂ ਦੀ ਸ਼੍ਰੇਣੀ ਵਿਚ ਰੱਖਦਾ ਹੈ।*[23] ਇਸ ਇਤਿਹਾਸ ਵਿਚ ਮੱਧਕਾਲੀ ਸਾਹਿਤ ਨੂੰ ਤਾਂ ਅਧਿਅਨ ਦਾ ਵਸਤੂ ਬਣਾਇਆ ਹੀ ਗਿਆ ਹੈ ਪਰ ਨਾਲ ਹੀ ਆਧੁਨਿਕ ਕਾਲ ਅਤੇ ਆਧੁਨਿਕ ਕਾਲ ਦੇ ਸਾਹਿਤ, ਇਸ ਦਾ ਇਤਿਹਾਸਕ, ਸਭਿਆਚਾਰਕ ਤੇ ਭਾਸ਼ਾਈ ਪਿਛੋਕੜ; ਇਸ ਕਾਲ ਵਿਚ ਉਪਜੀਆਂ ਵੱਖ-ਵੱਖ ਸਾਹਿਤਕ ਧਾਰਾਵਾਂ, ਪ੍ਰਵਿਰਤੀਆਂ, ਲਹਿਰਾਂ, ਸਾਹਿਤਕ ਵਿਧਾਵਾਂ, ਉਹਨਾਂ ਦੇ ਉਦਭਵ, ਰੂਪਗਤ ਪਛਾਣ, ਉਹਨਾਂ ਦੀ ਦੂਜੇ ਮਿਲਦੇ-ਜੁਲਦੇ ਸਾਹਿਤ ਰੂਪਾਂ ਨਾਲ ਸਾਂਝ ਤੇ ਵੱਖਰਤਾ, ਪਾਕਿਸਤਾਨੀ ਪੰਜਾਬੀ ਸਾਹਿਤ, ਪਰਵਾਸੀ ਪੰਜਾਬੀ ਸਾਹਿਤ, ਅਨੁਵਾਦ ਸਾਹਿਤ, ਸਾਹਿਤ ਆਲੋਚਨਾ ?, ਨੂੰ ਵੀ ਇਤਿਹਾਸਕ, ਤੁਲਨਾਤਮਕ ਤੇ ਵਸਤੂਗਤ ਪਰਿਪੇਖ ਤੋਂ ਪ੍ਰਸਤੁਤ ਕੀਤਾ ਗਿਆ ਹੈ। *ਡਾ. ਕਾਂਗ ਹਾਲਾਂਕਿ ਇਸ ਇਤਿਹਾਸ ਵਿਚਲੀ ਨਵੀਂ ਤੱਥ ਸਾਮਗ੍ਰੀ ਦੀ ਉਪਲਬਧਤਾ ਤੋਂ ਨਾਖ਼ੁਸ਼ੀ ਦਾ ਇਜ਼ਹਾਰ ਕਰਦਾ ਹੈ*[24] ਪਰ ਉਸ ਦੀ ਇਹ ਨਾਖ਼ੁਸ਼ੀ ਜਾਂ ਇਤਰਾਜ਼ ਨਿਰਮੂਲ ਭਾਸਦਾ ਹੈ। ਤੱਥ ਸਾਮਗ੍ਰੀ ਇਸ ਇਤਿਹਾਸ ਦੀ ਸੀਮਾਂ ਨਹੀਂ ਸਗੋਂ ਸੀਮਾਂ ਲੇਖਕਾਂ ਦੀ ਇਹਨਾਂ ਪ੍ਰਤਿ ਪਹੁੰਚ ਵਿਚ ਹੈ। ਤੱਥ ਸਾਮਗ੍ਰੀ ਅਤੇ ਉਹਨਾਂ ਦਾ ਇਤਿਹਾਸਕ ਤੁਲਨਾਤਮਕ ਮੁਲਾਂਕਣ ਤਾਂ ਇਸ ਇਤਿਹਾਸ ਦੀ ਸਲਾਹੀਅਤ ਹੈ। ਜੇਕਰ ਇਸ ਇਤਿਹਾਸ ਦੀ ਕੋਈ ਸੀਮਾਂ ਹੈ ਤਾਂ ਉਹ ਸਾਹਿਤ ਦੇ ਰੂਪਕ ਪਹਿਲੂਆਂ ਦੀ ਅਵਹੇਲਣਾ ਕਰਨਾ ਜਾਂ ਉਹਨਾਂ ਨੂੰ ਨਾਗਿਣੌਣਾ ਮਹੱਤਵ ਦੇਣ ਵਿਚ ਹੈ। ਇਸਦੀ ਦੂਸਰੀ ਸੀਮਾਂ ਇਸ ਇਤਿਹਾਸ ਵਿਚ ਸਾਹਿਤਕ ਰਚਨਾਵਾਂ ਦੇ ਪ੍ਰਕਾਸ਼ਨ ਵਰ੍ਹੇ ਨੂੰ ਅੰਕਿਤ ਨਾ ਕਰਨ ਵਿਚ ਹੈ। ਮੱਧਕਾਲੀ ਸਾਹਿਤ, ਜਿਥੇ ਕਿ ਪ੍ਰਕਾਸ਼ਨ ਵਰ੍ਹਾ ਸੰਦੇਹਮਈ ਰਿਹਾ ਹੈ, ਉੱਥੇ ਤਾਂ ਇਹਨਾਂ ਲੇਖਕਾਂ ਨੇ ਭਰਪੂਰ ਵਿਚਾਰ-ਚਰਚਾ ਕਰਕੇ ਇਸ ਨੂੰ ਸੁਲਝਾਉਣ ਦੀ ਕੋIਸ਼ਸ਼ ਕੀਤੀ ਹੈ ਜਦਕਿ ਆਧੁਨਿਕ ਕਾਲ ਦੀਆਂ ਰਚਨਾਵਾਂ ਦਾ ਪ੍ਰਕਾਸ਼ਨ ਵਰ੍ਹਾ, ਥੋੜਾ ਸੁਖਾਲਾ ਹੋਣ ਦੇ ਬਾਵਜੂਦ, ਲੇਖਕਾਂ ਨੇ ਦਰਜ ਕਰਨਾ ਮੁਨਾਸਬ ਨਹੀਂ ਸਮਝਿਆ। ਇਹ ਇਸ ਇਤਿਹਾਸ ਦੀ ਖਾਮੀ ਹੈ ਜਾਂ ਇਸ ਨੂੰ ਤੈਥਿਕੀ ਸਮੱਸਿਆ ਵੀ ਕਿਹਾ ਜਾ ਸਕਦਾ ਹੈ। *ਡਾ. ਪਿਆਰ ਸਿੰਘ ਨੇ ਆਪਣੇ ਇਕ ਮਜ਼ਮੂਨ ਵਿਚ ਇਸ ਉਕਾਈ ਨੂੰ ਵਿਗਿਆਨਕ ਤਰੁੱਟੀ ਕਰਾਰ ਦਿੱਤਾ ਹੈ।"*[25]

ਕਿਰਪਾਲ ਸਿੰਘ ਕਸੇਲ ਤੇ ਸਹਿਯੋਗੀ ਲੇਖਕ ਆਪਣੇ ਤੋਂ ਪਹਿਲੇ ਵਿਦਵਨਾਂ ਦੀਆਂ ਰਾਵਾਂ ਤੋਂ ਪੱਲਾ ਨਹੀਂ ਝਾੜਦੇ ਸਗੋਂ ਉਹਨਾਂ ਨਾਲ ਬਰਾਬਰ ਸੰਵਾਦ ਸਿਰਜਦੇ ਹੋਏ ਆਪਣੇ ਵਿਚਾਰ ਪੇਸ਼ ਕਰਦੇ ਹਨ। ਪੰਜਾਬੀ ਸਾਹਿਤ ਦੀ ਕਾਲ-ਵੰਡ ਦਾ ਮਸਲਾ ਹੋਵੇ ਜਾਂ ਪੰਜਾਬੀ ਸਾਹਿਤ ਦੇ ਨਿਕਾਸ ਦਾ, ਬਾਬਾ ਫ਼ਰੀਦ ਦੀ ਬਾਣੀ ਦਾ ਨਿਰਣਾ ਕਰਨ ਸੰਬੰਧੀ ਹੋਵੇ ਜਾਂ ਪੰਜਾਬੀ ਭਾਸ਼ਾ ਦੀ ਸਥਿਤੀ ਦਾ, ਇਹ ਇਤਿਹਾਸਕਾਰ ਕਿਤੇ ਵੀ ਆਪਣਾ ਸੰਵਾਦੀ ਨਜ਼ਰੀਆ ਤਿਆਗਦੇ ਨਹੀਂ ਬਲਕਿ ਮਸ਼ਕੂਕ ਕ੍ਰਿਤਾਂ ਬਾਰੇ ਹੋਰ ਗਹਿਰਾ ਉਤਰਨ ਦਾ ਯਤਨ ਕਰਦੇ ਹਨ। ਉਹ ਆਪਣੇ ਵਿਚਾਰਾਂ ਨੂੰ ਲੈ ਕੇ ਵੀ ਜ਼ਿਆਦਾ ਕਰੜਾਈ ਨਹੀਂ ਵਰਤਦੇ ਬਲਕਿ ਇਹਨਾਂ ਨੂੰ ਲਚਕੀਲਾ ਬਣਾ ਕੇ ਪੇਸ਼ ਕਰਨ ਦਾ ਪ੍ਰਯਾਸ ਹੀ ਵਧੇਰੇ ਕਰਦੇ ਹਨ ਅਤੇ ਜਿੱਥੇ ਲੋੜ ਹੋਵੇ ਉੱਥੇ ਹੋਰ ਖੋਜ ਦੀ ਜ਼ਰੂਰਤ ਉੱਤੇ ਬਲ ਵੀ ਦਿੰਦੇ ਹਨ। ਇਸ ਪ੍ਰਸੰਗ ਵਿਚ ਉਹਨਾਂ ਦੀ ਫ਼ਰੀਦ ਬਾਣੀ ਦੇ ਸੰਬੰਧ ਵਿਚ ਕੀਤੀ ਚਰਚਾ ਨੂੰ ਵੀ ਵੇਖਿਆ ਜਾ ਸਕਦਾ ਹੈ, ਭਾਈ ਗੁਰਦਾਸ ਦੀ ਰਚਨਾ ਦੇ ਅਧਿਅਨ 'ਤੇ ਵੀ ਗ਼ੌਰ ਕੀਤਾ ਜਾ ਸਕਦਾ ਹੈ ਅਤੇ ਗੁਰਮੁਖੀ ਲਿੱਪੀ ਦੇ ਸੰਬੰਧ ਵਿਚ ਕੀਤੀ ਚਰਚਾ ਉੱਤੇ ਵੀ ਧਿਆਨ ਮਾਰਿਆ ਜਾ ਸਕਦਾ ਹੈ। ਉਹ ਕਿਸੇ ਵੀ ਸਾਹਿਤ ਇਤਿਹਾਸ ਨੂੰ ਅਖ਼ੀਰੀ ਮੰਨਣ ਦੇ ਹਾਮੀ ਨਹੀਂ ਦਿਸਦੇ ਸਗੋਂ ਤੱਥਾਂ ਦੀ ਨਵੀਂ ਪੜਤਾਲ ਤੇ ਵਿਆਪਕ ਪੈਮਾਨੇ ਉੱਤੇ ਇਹਨਾਂ ਦੀ ਵਰਤੋਂ ਨਾਲ ਇਤਿਹਾਸ ਦੇ ਮੁੜ-ਲੇਖਣ (rewrite) ਉੱਤੇ ਜ਼ੋਰ ਦਿੰਦੇ ਹਨ। ਇਸ ਪ੍ਰਸੰਗ ਵਿਚ ਉਹਨਾਂ ਦੀ ਹੇਠਲੀ ਟਿੱਪਣੀ ਵੇਖਣਯੋਗ ਹੈ:

*ਪੰਜਾਬੀ ਸਾਹਿਤ ਦਾ ਇਤਿਹਾਸ ਬੜਾ ਸ਼ਾਨਾਂਮੱਤਾ ਹੈ ਪਰ ਇਸ ਦੀ ਉਚਿਤ ਖੋਜ ਕਰਕੇ ਇਸ ਨੂੰ ਨਵੇਂ ਸਿਰਿਉਂ ਵਿਆਪਕ ਪੈਮਾਨੇ ਉੱਤੇ ਲਿਖਣ, ਸਮਝਣ ਤੇ ਪੜ੍ਹਨ ਦੀ ਲੋੜ ਹੈ।*[26]

ਇਸ ਇਤਿਹਾਸ ਵਿਚ ਸਾਹਿਤ ਰਚਨਾਵਾਂ ਦੇ ਰੂਪਕ ਪੱਖ ਨੂੰ ਬੇਸ਼ੱਕ ਜ਼ਿਆਦਾ ਮਹੱਤਵ ਨਹੀਂ ਦਿੱਤਾ ਗਿਆ ਅਤੇ ਇਹ ਇਸ ਇਤਿਹਾਸ ਦੀ ਇਤਿਹਾਸਕ ਸੀਮਾਂ ਵੀ ਹੈ ਪਰ ਇਸ ਵਿਚ ਸਾਹਿਤ ਪ੍ਰਤਿ ਅਪਣਾਈ ਗਈ ਸਮਾਜਿਕ-ਇਤਿਹਾਸਕ ਤੇ ਤੁਲਨਾਤਮਕ ਪਹੁੰਚ ਵਿਸਤ੍ਰਿਤ ਤੇ ਪ੍ਰਸ਼ੰਸਾਯੋਗ *ਹੈ। ਡਾ. ਤਰਲੋਕ ਸਿੰਘ ਕੰਵਰ ਹਾਲਾਂਕਿ ਇਸ ਇਤਿਹਾਸ ਵਿਚਲੀ ਪਹੁੰਚ ਨੂੰ ਆਰੋਪਣਮਈ ਤੇ ਮਨਫ਼ੀਵਾਦੀ ਗਰਦਾਨਦਾ ਹੈ*[27] ਪਰ ਇਕ ਥਾਂ ਇਸ ਨੂੰ ਸੰਤ ਸਿੰਘ ਸੇਖੋਂ ਦੀ *"ਵਿਧੀਗਤ ਪਰੰਪਰਾ" ਦੇ ਜ਼ੁਮਰੇ ਵਿਚ ਵੀ ਸ਼ਾਮਿਲ ਕਰਦਾ ਹੈ।*[28] ਅਜਿਹਾ ਕੁਝ ਹੀ ਡਾ. ਆਤਮਜੀਤ ਸਿੰਘ ਕਰਦਾ ਵੇਖਿਆ ਜਾ ਸਕਦਾ ਹੈ। ਉਹ ਵਿਚਾਰ-ਅਧੀਨ ਇਤਿਹਾਸ ਦੇ ਲੇਖਕਾਂ *ਲਈ ਸੰਤ ਸਿੰਘ ਸੇਖੋਂ ਦੇ "ਪਿਛਲਗ" ਤੇ "ਗੁਤਾਵਾਵਾਦੀ" ਜਿਹੇ ਤਲਖ਼ ਵਿਸ਼ੇਸ਼ਣ ਵਰਤਦਾ*[29] ਹੈ ਪਰ ਅੱਗੇ ਚੱਲ ਕੇ *ਸੇਖੋਂਵਾਦੀ ਪਰੰਪਰਾ ਦੀ*

*ਭਰਪੂਰ ਸਰਾਹਨਾ ਵੀ ਕਰਦਾ ਹੈ।* [30] ਇਹਨਾਂ ਦੋਹਾਂ ਵਿਚਾਰਵਾਨਾਂ ਦੇ ਇਹ ਅੰਤਰ-ਵਿਰੋਧੀ ਵਿਚਾਰ ਅਸਲ ਵਿਚ ਇਸ ਇਤਿਹਾਸ ਦੀ ਇਤਿਹਾਸਕ ਪ੍ਰਸੰਗਿਕਤਾ ਨੂੰ ਵੇਖਣ ਤੋਂ ਅਸਮਰੱਥ ਹਨ। ਸਾਹਿਤ ਦੇ ਰੂਪਕ ਪੱਖ ਨੂੰ ਨਿਰਸੰਦੇਹ ਕਿਰਪਾਲ ਸਿੰਘ ਕਸੇਲ ਤੇ ਸਾਥੀ ਲੇਖਕ ਏਨਾ ਮਹੱਤਵ ਨਹੀਂ ਦਿੰਦੇ ਪਰ ਇਤਿਹਾਸਕ ਰੂਪ ਵਿੱਚ ਵੇਖੀਏ ਤਾਂ ਇਹ ਆਪਣੇ ਸਮੇਂ ਦੀ ਸਫ਼ਲ ਕ੍ਰਿਤੀ ਨਜ਼ਰ ਆਉਂਦੀ ਹੈ। ਇਸ ਸਾਹਿਤ ਇਤਿਹਾਸ ਵਿਚ ਭਾਰਤ ਤੇ ਪੰਜਾਬ ਦੇ ਸਮਾਜ-ਸਭਿਆਚਾਰ ਦਾ ਇਤਿਹਾਸ ਵੀ ਦਰਜ ਮਿਲਦਾ ਹੈ ਅਤੇ ਪੰਜਾਬੀ ਭਾਸ਼ਾ ਦਾ ਵਿਵਸਥਿਤ ਇਤਿਹਾਸ ਵੀ ਅਤੇ ਇਹਨਾਂ ਦੇ ਅੰਤਰਗਤ ਹੀ ਪੰਜਾਬੀ ਸਾਹਿਤ ਦੇ ਇਤਿਹਾਸ ਨੂੰ ਕਲਮਬੱਧ ਕੀਤਾ ਗਿਆ ਹੈ। ਇਸ ਵਿਚ ਪੰਜਾਬੀ ਭਾਸ਼ਾ ਦੇ ਨਿਕਾਸ ਤੋਂ ਲੈ ਕੇ ਇਸ ਦੇ ਵਿਭਿੰਨ ਵਿਕਾਸ ਪੜਾਵਾਂ, ਇਸ ਦੀ ਸ਼ਬਦ-ਬਣਤਰ ਤੇ ਵਰਤੋਂ ਅਤੇ ਗੁਰਮੁਖੀ ਲਿੱਪੀ ਦੇ ਮੁਤੱਲਿਕ ਵਿਸਥਾਰ ਸਹਿਤ ਚਰਚਾ ਕੀਤੀ ਗਈ ਹੈ। ਜਿਥੋਂ ਤਕ ਗੱਲ ਇਹਨਾਂ ਦੇ ਸੇਖੋਂਵਾਦੀ ਪਰੰਪਰਾ ਦੇ ਇਤਿਹਾਸਕਾਰ ਹੋਣ ਦੀ ਕੀਤੀ ਜਾਂਦੀ ਹੈ ਤਾਂ ਉਹ ਵੀ ਆਂਸ਼ਿਕ ਸੱਚ ਹੀ ਕਿਹਾ ਜਾ ਸਕਦਾ ਹੈ। ਕਿਉਂਕਿ ਇਹ ਇਤਿਹਾਸਕਾਰ ਆਧੁਨਿਕ ਸਾਹਿਤਕਾਰਾਂ ਬਾਰੇ ਤਾਂ ਸੇਖੋਂਵਾਦੀ ਪਰੰਪਰਾ ਉੱਤੇ ਚੱਲਦੇ ਆਖੇ ਜਾ ਸਕਦੇ ਹਨ ਪਰ ਮੱਧਕਾਲੀ ਸਾਹਿਤ ਬਾਰੇ ਇਹਨਾਂ ਦੀ ਪਹੁੰਚ ਸੇਖੋਂ ਨਾਲੋਂ ਕਿਸ਼ਨ ਸਿੰਘ ਦੀ ਆਲੋਚਨਾ-ਪਰੰਪਰਾ ਨਾਲ ਵਧੇਰੇ ਮੇਲ ਖਾਂਦੀ ਹੈ।

ਅਖ਼ੀਰ ਉੱਤੇ ਇਸ ਸਾਹਿਤ ਇਤਿਹਾਸ ਦੀ ਭਾਸ਼ਾ ਅਤੇ ਅਧਿਅਨ ਸ਼ੈਲੀ ਬਾਰੇ ਗੱਲ ਕਰ ਲੈਣਾ ਵੀ ਜ਼ਰੂਰੀ ਮਹਿਸੂਸ ਹੁੰਦਾ ਹੈ। ਇਸ ਇਤਿਹਾਸ ਵਿਚ ਲੇਖਕਾਂ ਨੇ ਸਰਲ ਤੇ ਸਾਦੀ ਭਾਸ਼ਾ ਦਾ ਇਸਤੇਮਾਲ ਕੀਤਾ ਹੈ। ਅਧਿਅਨ ਚਾਹੇ ਮੱਧਕਾਲੀ ਸਾਹਿਤ ਦਾ ਹੋਵੇ ਜਾਂ ਆਧੁਨਿਕ ਕਾਲ ਦਾ ਅਤੇ ਜਾਂ ਫਿਰ ਉੱਤਰ ਸੁਤੰਤਰਤਾ ਕਾਲ ਦਾ, ਇਹਨਾਂ ਕਿਤੇ ਵੀ ਅਜਿਹੀ ਭਾਸ਼ਾ ਜਾਂ ਸ਼ਬਦਾਂ ਦੀ ਵਰਤੋਂ ਨਹੀਂ ਕੀਤੀ ਜੋ ਸੰਚਾਰ ਵਿਚ ਬਾਧਾ ਬਣੇ ਸਗੋਂ ਇਸ ਦੇ ਬਰੱਕਸ ਉਹਨਾਂ ਭਾਸ਼ਾ ਨੂੰ ਸੰਚਾਰਮੁਖ ਤੇ ਸੰਪਰਕਮਈ ਬਣਾਉਣ ਉੱਤੇ ਹੀ ਵਧੇਰੇ ਧਿਆਨ ਦਿੱਤਾ ਹੈ। ਕਈ ਥਾਈਂ ਉਰਦੂ-ਫ਼ਾਰਸੀ ਅਤੇ ਸੰਸਕ੍ਰਿਤ ਦੇ ਪਿਛੋਕੜ ਵਾਲੇ ਸ਼ਬਦ ਉਹਨਾਂ ਵਰਤੇ ਜ਼ਰੂਰ ਹਨ ਪਰ ਇਹਨਾਂ ਨੂੰ ਪੰਡਤਾਊਪਨ ਦੇ ਤਹਿਤ ਨਹੀਂ ਵਰਤਿਆ ਗਿਆ ਸਗੋਂ ਸੰਚਾਰਮਈ ਬਣਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਹੀ ਕੀਤੀ ਗਈ ਹੈ। ਉਹਨਾਂ ਦੀ ਸਮੁੱਚੀ ਅਧਿਅਨ ਸ਼ੈਲੀ ਵਿਚ ਆਲੋਚਨਾਤਮਕ ਭਾਸ਼ਾ ਦੀ ਵਰਤੋਂ ਵੀ ਮਿਲਦੀ ਹੈ, ਸ਼ਰਧਾਮਈ ਭਾਸ਼ਾ ਦੀ ਵਰਤੋਂ ਵੀ ਅਤੇ ਵਿਆਖਿਆਮਈ ਭਾਸ਼ਾ ਦੀ ਵਰਤੋਂ ਵੀ। ਉਹਨਾਂ ਦੀ ਇਸ ਬੇਰੋਕ ਤੇ ਨਿਰਵਿਘਨ ਅਧਿਅਨ ਸ਼ੈਲੀ ਦੀਆਂ ਮਿਸਾਲਾਂ ਪੂਰੇ ਇਤਿਹਾਸ ਵਿਚੋਂ ਕਿਤਿਓਂ ਵੀ ਵੇਖੀਆਂ ਜਾ ਸਕਦੀਆਂ ਹਨ।

ਉਪਰੋਕਤ ਵਿਚਾਰ-ਚਰਚਾ ਮਗਰੋਂ ਕਿਹਾ ਜਾ ਸਕਦਾ ਹੈ ਕਿ ਇਹ ਇਤਿਹਾਸ ਪੰਜਾਬੀ ਸਾਹਿਤ ਦੇ ਉਹਨਾਂ ਇਤਿਹਾਸਾਂ ਦੀ ਪ੍ਰਤਿਨਿਧਤਾ ਕਰਦਾ ਹੈ, ਜੋ ਸਿੱਧਾਂਤਕ ਪੱਧਰ ਉੱਤੇ ਪ੍ਰਗਤੀਵਾਦੀ ਤੇ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਸਾਹਿਤ ਇਤਿਹਾਸ ਲੇਖਣ ਦੇ ਕਾਰਜ ਵਿਚ ਪੈਂਦੇ ਹਨ। ਇਸ ਦ੍ਰਿਸ਼ਟੀਕੋਣ ਤੋਂ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦਾ ਇਹ ਪਹਿਲਾ ਯਤਨ ਸੀ, ਇਸੇ ਕਰਕੇ ਇਸ ਦੀਆਂ ਕੁਝ ਇਤਿਹਾਸਕ ਸੀਮਾਵਾਂ ਦਾ ਰਹਿ ਜਾਣਾ ਗ਼ੈਰ-ਸੁਭਾਵਿਕ ਨਹੀਂ ਸੀ। ਸਿੱਧਾਂਤਕ ਪੱਧਰ ਉੱਤੇ ਇਹ ਇਤਿਹਾਸਕਾਰ ਬੇਸ਼ੱਕ ਇਸੇ ਦ੍ਰਿਸ਼ਟੀਕੋਣ ਤੋਂ ਸਾਹਿਤ ਰਚਨਾਵਾਂ ਦੇ ਅਧਿਅਨ ਕਰਨ ਦਾ ਦਾਵਾ ਕਰਦੇ ਹਨ ਪਰ ਵਿਹਾਰਕ ਪੱਧਰ ਉੱਤੇ ਕਈ ਥਾਈਂ ਇਸ ਤੋਂ ਥਿੜਕਦੇ ਵੀ ਹਨ ਅਤੇ ਕਈ ਥਾਈਂ ਪਰੰਪਰਾ ਮੂਹਰੇ ਨਤਮਸਤਕੀ ਰਵੱਈਆ ਇਖ਼ਤਿਆਰ ਕਰਦੇ ਵੀ ਨਜ਼ਰ ਆਉਂਦੇ ਹਨ। ਸਾਹਿਤ ਅਤੇ ਇਸ ਦੇ ਰੂਪਕ ਪਹਿਲੂ ਵੀ ਉਹਨਾਂ ਦੇ ਸਮਾਜਿਕ-ਇਤਿਹਾਸਕ ਦ੍ਰਿਸ਼ਟੀਕੋਣ ਦੇ ਮਤੀਹ ਵਿਚਰਦੇ ਹਨ ਪਰ ਇਹਨਾਂ ਕੁਝ ਸੀਮਾਵਾਂ ਦੇ ਬਾਵਜੂਦ ਉਹਨਾਂ ਦੀ ਸਮਾਜਿਕ-ਇਤਿਹਾਸਕ ਸਮਝ ਅਤੇ ਵਿਸ਼ਾਲ ਸਾਹਿਤਕ ਤੱਥਾਂ ਤਕ ਪਹੁੰਚ ਇਸ ਤੋਂ ਪਹਿਲੇ ਸਾਹਿਤ ਇਤਿਹਾਸਾਂ ਵਿਚ ਦੇਖਣ ਨੂੰ ਨਹੀਂ ਮਿਲਦੀ। ਪੰਜਾਬੀ ਸਾਹਿਤ ਦੇ ਇਤਿਹਾਸਾਂ ਵਿਚ ਆਧੁਨਿਕ ਸਾਹਿਤ ਨੂੰ ਸਕਾਰਾਤਮਕ ਸਥਾਨ ਵੀ ਪਹਿਲੀ ਵਾਰੀ ਇਹਨਾਂ ਇਤਿਹਾਸਕਾਰਾਂ ਨੇ ਹੀ ਦਿੱਤਾ । ਇਹਨਾਂ ਇਤਿਹਾਸਕਾਰਾਂ ਦੇ ਯਤਨ ਨਾਲ ਹੀ ਪੰਜਾਬੀ ਸਾਹਿਤ ਇਤਿਹਾਸ ਲੇਖਣ ਦੀ ਪਰੰਪਰਾ ਵਿਚ ਕੁਝ ਬੁਨਿਆਦੀ ਸਵਾਲ ਛੋਹੇ ਜਾਂਦੇ ਹਨ ਅਤੇ ਉਹਨਾਂ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਸਮਝਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਬੇਸ਼ੱਕ ਇਸ ਇਤਿਹਾਸ ਦੀਆਂ ਕੁਝ ਸੀਮਾਵਾਂ ਹਨ ਪਰ ਇਸ ਦੀਆਂ ਪ੍ਰਾਪਤੀਆਂ ਵੀ ਬੇਜੋੜ ਹਨ। ਇਸ ਇਤਿਹਾਸ ਵਿੱਚ ਪ੍ਰਗਤੀਵਾਦੀ ਤੇ ਮਾਨਵਵਾਦੀ ਰਚਨਾ-ਦ੍ਰਿਸ਼ਟੀ ਦੀ ਪ੍ਰਸ਼ੰਸਾ ਹੀ ਨਹੀਂ ਕੀਤੀ ਗਈ ਬਲਕਿ ਇਸੇ ਦ੍ਰਿਸ਼ਟੀਕੋਣ ਨੂੰ ਲੇਖਕਾਂ ਨੇ ਆਪਣੇ ਇਤਿਹਾਸ ਵਿਚ ਅਪਣਾਇਆ ਵੀ ਹੈ ਅਤੇ ਇਸੇ ਨਾਲ ਉਹਨਾਂ ਅਧਿਅਨ ਦੇ ਕਾਰਜ ਨੂੰ ਅੰਜਾਮ ਵੀ ਦਿੱਤਾ ਹੈ। ਕੁਲ ਮਿਲਾ ਕੇ, ਇਹ ਪੰਜਾਬੀ ਸਾਹਿਤ ਦਾ ਅਜਿਹਾ ਇਤਿਹਾਸ ਹੋ ਨਿਬੜਦਾ ਹੈ, ਜਿਸ ਨੂੰ ਮਾਰਗਦਰਸ਼ਕ ਵਜੋਂ ਗ੍ਰਹਿਣ ਕੀਤਾ ਜਾ ਸਕਦਾ ਹੈ। ਇਸ ਦੀਆਂ ਸੀਮਾਵਾਂ ਦੀ ਪਛਾਣ ਕਰਕੇ ਲੋੜ ਇਹਨਾਂ ਨੂੰ ਇਤਿਹਾਸਕ ਪਰਿਪੇਖ ਵਿਚ ਸਮਝਣ ਅਤੇ ਇਹਨਾਂ ਦੇ ਯੋਗਦਾਨ ਵਿਚੋਂ ਭਵਿੱਖਮੁਖੀ ਸੰਭਾਵਨਾਵਾਂ ਤਲਾਸ਼ਣ ਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. *ਕਸੇਲ, ਕਿਰਪਾਲ ਸਿੰਘ (2005), ਮੈਂ ਤੇ ਪੰਜਾਬੀ ਸਾਹਿਤ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ: 35.*
2. *-ਉਹੀ- (2017), ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਲਾਹੌਰ ਬੁਕ ਸ਼ਾਪ, ਲੁਧਿਆਣਾ, ਪੰਨਾ: 1.*
3. *ਨੰਦਾ, ਸਤਿੰਦਰ ਸਿੰਘ (ਸੰਪਾ.) (2002), ਪ੍ਰੋ ਕਿਰਪਾਲ ਸਿੰਘ ਕਸੇਲ ਅਭਿਨੰਦਨ ਗ੍ਰੰਥ, ਲਾਹੌਰ ਬੁਕ ਸ਼ਾਪ, ਲੁਧਿਆਣਾ, ਪੰਨਾ: 429.*
4. *ਅਰਸ਼ੀ, ਗੁਰਚਰਨ ਸਿੰਘ (ਸੰਪਾ.)(1991), ਰਵੀ ਚੇਤਨਾ, ਰਵੀ ਮੈਮੋਰੀਅਲ ਟ੍ਰਸਟ, ਪਟਿਆਲਾ, ਪੰਨਾ: 125.*
5. *ਭਾਟੀਆ, ਹਰਿਭਜਨ ਸਿੰਘ (2004), ਪੰਜਾਬੀ ਸਾਹਿਤ ਆਲੋਚਨਾ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, ਪੰਨਾ: 65.*
6. *ਘੁੰਮਣ, ਬਿਕਰਮ ਸਿੰਘ ਤੇ ਹਰਿਭਜਨ ਸਿੰਘ ਭਾਟੀਆ (ਸੰਪਾ.) (1989), ਪੰਜਾਬੀ ਸਾਹਿਤ ਦੀ ਇਤਿਹਾਸਕਾਰੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ, ਪੰਨਾ: 17.*
7. *ਕੰਵਰ, ਤਰਲੋਕ ਸਿੰਘ (1988), ਸਾਹਿਤ ਅਧਿਐਨ ਦੇ ਬਦਲਦੇ ਪਰਿਪੇਖ, ਲੋਕਾਇਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ: 144.*

8. ਉਧਰਿਤ, ਪਾਰਖ, ਜਵਰੀਮੱਲ (2021), ਸਾਹਿਤਯ ਇਤਿਹਾਸ ਕਾਵਿਯ ਪਰੰਪਰਾ ਔਰ ਲੋਕਤਾਂਤਰਿਕ ਦ੍ਰਿਸ਼ਟੀ,ਪ੍ਰਕਾਸ਼ਨ ਸੰਸਥਾਨ, ਨਈਂ ਦਿੱਲੀ, ਪੰਨਾ: 55.
9. ਗੁਰਵਿੰਦਰ ਕੌਰ (2017), ਕਿਰਪਾਲ ਸਿੰਘ ਤੇ ਹੋਰ, ਹੀਰਾ ਸਿੰਘ ਦਰਦ ਅਤੇ ਆਈ ਸੇਰੇਬ੍ਰੀਆਕੋਵ ਦੀ ਸਾਹਿਤ ਇਤਿਹਾਸਕਾਰੀ : ਤੁਲਨਾਤਮਕ ਅਤੇ ਇਤਿਹਾਸਮੂਲਕ ਅਧਿਐਨ, ਅਣ-ਪ੍ਰਕਾਸ਼ਿਤ ਖੋਜ-ਪ੍ਰਬੰਧ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ, ਪੰਨਾ: 130.
10. ਕਸੇਲ, ਕਿਰਪਾਲ ਸਿੰਘ (2002), ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਲਾਹੌਰ ਬੁਕ ਸ਼ਾਪ, ਲੁਧਿਆਣਾ, ਪੰਨਾ: 54.
11. -ਉਹੀ-, ਪੰਨੇ: 77-78.
12. -ਉਹੀ-, ਪੰਨਾ: 118
13. -ਉਹੀ-, ਪੰਨਾ: 24.
14. -ਉਹੀ-, ਪੰਨਾ: 249.
15. -ਉਹੀ-, ਪੰਨਾ: 81.
16. -ਉਹੀ-
17. ਉਧਰਿਤ, ਪਾਰਖ, ਜਵਰੀਮੱਲ (2021), ਸਾਹਿਤਯ ਇਤਿਹਾਸ ਕਾਵਿਯ ਪਰੰਪਰਾ ਔਰ ਲੋਕਤਾਂਤਰਿਕ ਦ੍ਰਿਸ਼ਟੀ,ਪ੍ਰਕਾਸ਼ਨ ਸੰਸਥਾਨ, ਨਈਂ ਦਿੱਲੀ, ਪੰਨਾ: 251.
18. ਕਸੇਲ, ਕਿਰਪਾਲ ਸਿੰਘ (2002), ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਲਾਹੌਰ ਬੁਕ ਸ਼ਾਪ, ਲੁਧਿਆਣਾ, ਪੰਨਾ: 253.
19. -ਉਹੀ-, ਪੰਨੇ: 127-236.
20. ਗੁਰਵਿੰਦਰ ਕੌਰ (2017), ਕਿਰਪਾਲ ਸਿੰਘ ਤੇ ਹੋਰ, ਹੀਰਾ ਸਿੰਘ ਦਰਦ ਅਤੇ ਆਈ ਸੇਰੇਬ੍ਰੀਆਕੋਵ ਦੀ ਸਾਹਿਤ ਇਤਿਹਾਸਕਾਰੀ : ਤੁਲਨਾਤਮਕ ਅਤੇ ਇਤਿਹਾਸਮੂਲਕ ਅਧਿਐਨ, ਅਣ-ਪ੍ਰਕਾਸ਼ਿਤ ਖੋਜ-ਪ੍ਰਬੰਧ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ, ਪੰਨਾ: 13.
21. ਕਸੇਲ, ਕਿਰਪਾਲ ਸਿੰਘ (2002), ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਲਾਹੌਰ ਬੁਕ ਸ਼ਾਪ, ਲੁਧਿਆਣਾ, ਪੰਨਾ: 258.
22. ਭਾਟੀਆ, ਹਰਿਭਜਨ ਸਿੰਘ (2012), ਸੰਵਾਦ ਪੁਨਰ ਸੰਵਾਦ ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ,
23. ਘੁੰਮਣ, ਬਿਕਰਮ ਸਿੰਘ ਤੇ ਹਰਿਭਜਨ ਸਿੰਘ ਭਾਟੀਆ (ਸੰਪਾ.) (1989), ਪੰਜਾਬੀ ਸਾਹਿਤ ਦੀ ਇਤਿਹਾਸਕਾਰੀ, ਜਿਲਦ ਦੂਜੀ, ਪੰਨਾ: 62.
24. -ਉਹੀ-, ਪੰਨਾ: 63.
25. -ਉਹੀ-, ਪੰਨਾ: 9.
26. ਕਸੇਲ, ਕਿਰਪਾਲ ਸਿੰਘ (2002), ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪੰਨਾ: 748.
27. ਕੰਵਰ, ਤਰਲੋਕ ਸਿੰਘ (1988), ਸਾਹਿਤ ਅਧਿਐਨ ਦੇ ਬਦਲਦੇ ਪਰਿਪੇਖ, ਲੋਕਾਇਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ: 144.
28. ਕੰਵਰ, ਤਰਲੋਕ ਸਿੰਘ (ਸੰਪਾ.), ਪੰਜਾਬੀ ਸਾਹਿਤ ਦੀ ਇਤਿਹਾਸਕਾਰੀ, ਪੰਨਾ: 11.
29. ਆਤਮਜੀਤ (2013), ਸਾਹਿਤਕੀ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਪੰਨਾ: 86.
30. -ਉਹੀ-, ਪੰਨੇ: 89-95.


## Cite this Article-


*ਡਾ. ਕੰਵਲਜੀਤ ਸਿੰਘ (Dr. Kawaljit Singh), ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ: ਇਤਿਹਾਸਕਾਰੀ ਦੇ ਨੁਕਤਾ-ਨਿਗਾਹ ਤੋਂ (Punjabi Sahit Di Utpatti Te Vikas: Itihaskaari De Nukta-Nigah To'n), ਅਰਮਾਨ (ARMAAN), ISSN: 2583-9446 (O), Volume- 4, Issue- 1, January-March 2026, Page: 90-95.*

*Journal URL:* www.armaan.org.in

*DOI:* https://doi.org/10.64119/armaan.vol.4.issue1.16



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/